## 87

# ਇਕ ਸਵਾਲ ਜਿਸ ਦਾ ਜਵਾਬ ਦੇਣਾ ਸਭ ਲਈ ਜ਼ਰੂਰੀ ਹੈ

### ਬਾਈਬਲ ਪਾਠ# 38

VII. ਯਿਸੂ ਦੀ ਸੇਵਕਾਈ ਦਾ ਆਖ਼ਰੀ ਹਫ਼ਤਾ (ਚੱਲਦਾ)।
- ਗ. ਸ਼ੁੱਕਰਵਾਰ: ਯਿਸੂ ਦੀ ਮੌਤ ਦਾ ਦਿਨ (ਚੱਲਦਾ)।
  - 7. ਰੋਮੀ ਪੇਸ਼ੀ (ਚੱਲਦਾ):
    - ਅ. ਚਰਣ ਦੋ: ਹੈਰੋਦੇਸ ਅੰਤੀਪਾਸ ਅੱਗੇ ਕਸੂਰਵਾਰ ਨਹੀਂ ਪਾਇਆ ਗਿਆ (ਮੌਤ ਦੀ ਸਜ਼ਾ) (ਲੂਕਾ 23:8–12)।
    - ੲ. ਚਰਣ ਤਿੰਨ: ਪਿਲਾਤੁਸ ਅੱਗੇ (ਮੌਤ ਦੀ ਸਜ਼ਾ ਦਿੱਤੀ ਗਈ) (ਮੱਤੀ 27:15–31ੳ; ਮਰਕੁਸ 15:6–20ੳ; ਲੂਕਾ 23:13–25; ਯੂਹੰਨਾ 18:39—19:16)।

### ਜਾਣ ਪਛਾਣ

ਸਾਡਾ ਪਹਿਲਾ ਪਾਠ ਯਿਸੂ ਦੀਆਂ ਪੇਸ਼ੀਆਂ ਤੇ ਆਖ਼ਰੀ ਪਾਠ ਦਾ ਪਹਿਲਾ ਭਾਗ ਸੀ। ਇਸ ਵਿਚ ਜ਼ੋਰ ''ਮੈਂ ਯਿਸੂ ਨੂੰ ਕੀ ਕਰਾਂ?'' ਸਵਾਲ ਦੇ ਦਿੱਤਾ ਗਿਆ ਸੀ (ਵੇਖੋ ਮੱਤੀ 27:22)। ਅਸੀਂ ਦੋ ਲੋਕਾਂ ਨੂੰ ਵੇਖਿਆ ਹੈ, ਜਿਨ੍ਹਾਂ ਨੇ ਆਪਣੇ ਜਵਾਬ ਜ਼ੋਰ ਦਿੰਦੇ ਹੋਏ ਦਿੱਤੇ ਸਨ: ਪਤਰਸ ਦੇ ਕਹਿਣ ਦਾ ਅਰਥ ਸੀ ''ਮੈਂ ਉਸ ਦਾ ਇਨਕਾਰ ਕਰਾਂਗਾ'' ਜਦਕਿ ਮਹਾਂਸਭਾ ਦਾ ਜਵਾਬ ਸੀ, ''ਅਸੀਂ ਉਸ ਤੇ ਦੋਸ਼ ਲਾਵਾਂਗੇ!'' ਪਰ ਇਹ ਹੋਰ ਸ਼ਖਸ ਸੀ, ਜਿਸ ਨੇ ਇਨ੍ਹਾਂ ਸਵਾਲਾਂ ਦਾ ਜਵਾਬ ਦੇਣਾ ਸੀ: ਪਿਲਾਤੁਸ ਨੂੰ ਪਤਾ ਸੀ ਕਿ ਉਸ ਨੂੰ ਕਹਿਣਾ ਚਾਹੀਦਾ ਹੈ ਕਿ ''ਮੈਂ ਉਸ ਨੂੰ ਛੱਡ ਦੇਵਾਂਗਾ,'' ਪਰ ਇਸ ਤਰ੍ਹਾਂ ਕਰਨ ਤੇ ਉਸ ਨੂੰ ਸਿਆਸੀ ਉਥਲ ਪੁਥਲ ਹੋਣ ਦਾ ਡਰ ਸੀ। ਪਾਠ ਦੇ ਦੂਜੇ ਭਾਗ ਦਾ ਅਧਿਐਨ ਕਰਦੇ ਹੋਏ, ਅਸੀਂ ਵੇਖਾਂਗੇ ਕਿ ਦੂਜਿਆਂ ਨੇ ''ਮੈਂ ਯਿਸੂ ਨੂੰ ਕੀ ਕਰਾਂ?'' ਸਵਾਲ ਦਾ ਜਵਾਬ ਕਿਵੇਂ ਦਿੱਤਾ। ਅਸੀਂ ਪਿਲਾਤੁਸ ਦਾ ਆਖ਼ਰੀ ਜਵਾਬ ਵੀ ਵੇਖਾਂਗੇ।

### ਹੇਰੋਦੇਸ: ''ਮੈਂ ਤਾਂ ਸਿਰਫ਼ ਉਤਸੁਕ ਹੋਵਾਂਗਾ'' (ਲੂਕਾ 23:5-11)

ਪਾਠ ਦੇ ਅਖ਼ੀਰ ਵਿਚ, ਪਿਲਾਤੁਸ ਨੂੰ ਲੱਗਾ ਸੀ ਕਿ ਉਸ ਨੂੰ ਆਪਣੀ ਦੁਵਿਧਾ ਦਾ ਹੱਲ ਮਿਲ ਗਿਆ ਹੈ। ਉਸ ਨੂੰ ਪਤਾ ਲੱਗਾ ਕਿ ਯਿਸੂ ਗਲੀਲੀ ਹੈ (ਆਇਤਾਂ 5, 6), ਜੋ ਹੇਰੋਦੇਸ ਅੰਤੀਪਾਸ ਦਾ ਇਲਾਕਾ ਸੀ, ਜਿਸ ਕਾਰਣ ਉਸ ਨੇ ''ਉਸ ਨੂੰ ਹੇਰੋਦੇਸ ਦੇ ਕੋਲ ਜਿਹੜਾ ਆਪ ਉਨ੍ਹੀਂ ਦਿਨੀਂ ਯਰੂਸ਼ਲਮ ਵਿਚ ਸੀ ਘੱਲਿਆ''[1] (ਆਇਤ 7)। ਯਿਸੂ ਨੂੰ ਹੇਰੋਦੇਸ ਦੇ ਕੋਲ ਘੱਲ ਕੇ, ਹਾਕਮ ਨੂੰ ਦੋਹਰਾ ਮਕਸਦ ਪੂਰਾ ਹੋਣ ਦੀ ਉਮੀਦ ਸੀ: ਇਕ ਤਾਂ ਇਹ ਕਿ ਉਹ ਇਸ ਪਰੇਸ਼ਾਨੀ ਤੋਂ ਮੁਕਤ ਹੋ ਜਾਵੇਗਾ ਅਤੇ ਦੂਜਾ ਇਹ ਕਿ ਹੋ ਸਕਦਾ ਹੈ ਕਿ ਇਸ ਤੋਂ ਪ੍ਰਭਾਵਸ਼ਾਲੀ ਹਾਕਮ ਨਾਲ ਉਸ ਦੇ ਰਿਸ਼ਤੇ ਵੀ ਸੁਧਰ ਜਾਣ (ਵੇਖੋ 23:12)।[2]

ਰੋਮੀ ਸਿਪਾਹੀ ਯਿਸੂ ਨੂੰ ਹੇਰੋਦੇਸ ਕੋਲ ਲੈ ਗਏ।[3] ਯਿਸੂ ਦੇ ਪਿੱਛੇ-ਪਿੱਛੇ ''ਪ੍ਰਧਾਨ ਯਾਜਕ

ਅਤੇ ਗ੍ਰੰਥੀ'' ਵੀ ਆ ਰਹੇ ਸਨ (ਆਇਤ 10)। ਜਲੂਸ ਦੇ ਹੇਰੋਦੇਸ ਦੇ ਮਹਿਲ ਦੇ ਨੇੜੇ ਪਹੁੰਚਣ ਤੇ ਰਾਜਾ ''ਵੱਡਾ ਅਨੰਦ ਹੋਇਆ ਕਿਉਂ ਜੋ ਉਹ ਚਿਰੋਕਣਾ ਉਸ [ਯਿਸੂ] ਨੂੰ ਵੇਖਣਾ ਚਾਹੁੰਦਾ ਸੀ ਇਸ ਕਰਕੇ ਜੋ ਓਨ ਉਸ ਦੀ ਖਬਰ ਸੁਣੀ'' (ਆਇਤ 8; ਵੇਖੋ ਮੱਤੀ 14:1; ਲੂਕਾ 9:7–9)। ਯਿਸੂ ਨਾਲ ਮਿਲਣ ਦੀ ਹੇਰੋਦੇਸ ਦੀ ਇੱਛਾ ਉਸ ਨੂੰ ਸੁਣਨ ਲਈ ਨਹੀਂ ਸੀ, ਉਹ ਤਾਂ ਸਿਰਫ਼ ਉਤਸੁਕ ਸੀ। ਮਸੀਹ ਦੀ ਇੱਛਾ ਉਸ ਦੀ ਉਤਸੁਕਤਾ ਨੂੰ ਪੂਰਾ ਕਰਨ ਦੀ ਬਿਲਕੁਲ ਨਹੀਂ ਸੀ (ਵੇਖੋ ਮੱਤੀ 7:6)। ਜਦੋਂ ਹੇਰੋਦੇਸ ਨੇ ਯਿਸੂ ਕੋਲੋਂ ਸਵਾਲ ਪੁੱਛੇ, ਤਾਂ ''ਓਨ ਉਹ ਨੂੰ ਇਕ ਵੀ ਜਵਾਬ ਨਾ ਦਿੱਤਾ'' (ਲੂਕਾ 23:9; ਵੇਖੋ ਯਸਾਯਾਹ 53:7)। ਰਾਜੇ ਨੂੰ ਜਾਦੂ ਦਾ ਖੇਡ ਵੇਖ ਕੇ ਮਨ ਪਰਚਾਵਾ ਹੋਣ ਦੀ ਉਮੀਦ ਸੀ (ਲੂਕਾ 23:8) ਪਰ ਮਸੀਹ ਨੇ ਕਦੀ ਕਿਸੇ ਦੇ ਕਹਿਣ ਤੇ ਕੋਈ ਮੋਅਜਜ਼ਾ ਨਹੀਂ ਕੀਤਾ (ਵੇਖੋ ਮੱਤੀ 12:38, 39; 16:1, 4)। ਉਸ ਦੇ ''ਨਿਸ਼ਾਨਾਂ'' ਦਾ ਮਕਸਦ ਵਧੇਰੇ ਗੰਭੀਰ ਸੀ।

ਜਦੋਂ ਯਿਸੂ ਨੇ ਉਸ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ,[4] ਤਾਂ ਹੇਰੋਦੇਸ ਨੇ ਆਪਣੇ ਹੀ ਮਨੋਰੰਜਨ ਦੀ ਜੁਗਤ ਬਣਾਈ। ਛੇਤੀ ਹੀ ਉੱਥੇ ਸਰਕਸ ਵਰਗਾ ਮਾਹੌਲ ਬਣ ਗਿਆ ਸੀ। ਇਕ ਹੋਰ ਪ੍ਰਧਾਨ ਯਾਜਕ ਅਤੇ ਗ੍ਰੰਥੀ ਸਨ, ਜੋ ਜ਼ੋਰ ਜ਼ੋਰ ਨਾਲ ਚੀਖ ਕੇ ਇਲਜ਼ਾਮ ਲਾ ਰਹੇ ਸਨ (ਲੂਕਾ 23:10)। ਦਰਬਾਰ ਦੇ ਵਿਚਕਾਰ ਯਿਸੂ ਦੇ ਮਸਖਰੇ ਵਾਲੇ ਕਪੜੇ ਪਾਏ[5] ਹੋਏ ਸਨ, ਜਦਕਿ ਰਾਜਾ ਅਤੇ ਉਸ ਦੇ ਸਿਪਾਹੀ ਉਸ ਦਾ ਠੱਠਾ ਉਡਾਉਂਦੇ ਹੋਏ ਉਸ ਦੇ ਆਲੇ ਦੁਆਲੇ ਨੱਚ ਰਹੇ ਸਨ (ਲੂਕਾ 23:11)।[6] ਅਖ਼ੀਰ ਵਿਚ, ਉਹ ਬਚਕਾਨਾ ਖੇਡ ਤੋਂ ਥੱਕ ਗਏ ਅਤੇ ਹੇਰੋਦੇਸ ਨੇ ''ਉਹ ਨੂੰ ਪਿਲਾਤੁਸ ਦੇ ਕੋਲ ਮੋੜ ਭੇਜਿਆ'' (ਲੂਕਾ 23:11)।

ਅਫ਼ਸੋਸ ਦੀ ਗੱਲ ਹੈ ਕਿ ਅੱਜ ਕੁਝ ਲੋਕਾਂ ਵਿਚ ਯਿਸੂ ਵਿਚ ਹੇਰੋਦੇਸ ਵਾਲੀ ਦਿਲਚਸਪੀ ਹੀ ਹੈ। ਉਹ ਉਸ ਨੂੰ ਜਾਣਨ ਦੀ ਤਾਂਘ ਤਾਂ ਰੱਖਦੇ ਹਨ। ਉਹ ਸਰਸਰੀ ਤੌਰ ਤੇ ਉਸ ਤੇ ਚਰਚਾ ਜਾਰੀ ਰੱਖ ਕੇ ਉਸ ਬਾਰੇ ਜਾਣਨਾ ਚਾਹੁੰਦੇ ਹਨ, ਪਰ ਇਹ ਜਾਣਨ ਲਈ ਉਹ ਅਸਲ ਵਿਚ ਕੌਣ ਹੈ। ਉਹ ਗੰਭੀਰਤਾ ਨਾਲ ਇੰਜੀਲ ਦੇ ਵਿਰਤਾਂਤ ਨੂੰ ਨਾ ਤਾਂ ਪੜ੍ਹਦੇ ਅਤੇ ਨਾ ਉਨ੍ਹਾਂ ਦਾ ਅਧਿਐਨ ਕਰਦੇ ਹਨ। ਇਸੇ ਕਰਕੇ, ਉਹ ਕਦੀ ਉਸ ਨੂੰ ਖ਼ੁਦਾ ਦੇ ਪੁੱਤਰ ਦੇ ਰੂਪ ਵਿਚ ਕਬੂਲ ਨਹੀਂ ਕਰ ਪਾਉਂਦੇ ਜਾਂ ਉਸ ਨੂੰ ਆਪਣੀ ਜ਼ਿੰਦਗੀ ਨਹੀਂ ਦੇ ਪਾਉਂਦੇ। ਇਕ ਪੁਰਾਣੀ ਕਹਾਵਤ ਹੈ ਕਿ ''ਉਤਸੁਕਤਾ ਨੇ ਬਿੱਲੀ ਦੀ ਜਾਨ ਲੈ ਲਈ''; ਉਤਸੁਕਤਾ ਆਤਮਾ ਨੂੰ ਵੀ ਮਾਰ ਸਕਦੀ ਹੈ, ਜੇ ਯਿਸੂ ਵਿਚ ਕਿਸੇ ਦੀ ਦਿਲਚਸਪੀ ਉਸ ਤੇ ਕੇਂਦਰਿਤ ਨਾ ਹੋਵੇ।

## ਭੀੜ: "ਅਸੀਂ ਉਸ ਨੂੰ ਸਲੀਬ ਤੇ ਚੜ੍ਹਾਵਾਂਗੇ!" (ਮੱਤੀ 27:15-23; ਮਰਕੁਸ 15:6-14; ਲੂਕਾ 23:12-23; ਯੂਹੰਨਾ 18:39—19:12)

ਯਿਸੂ ਨੂੰ ਹੇਰੋਦੇਸ ਕੋਲ ਭੇਜ ਕੇ ਪਿਲਾਤੁਸ ਨੇ ਇਕ ਮਕਸਦ ਪੂਰਾ ਕੀਤਾ ਸੀ: ਉਸ ਨੇ ਰਾਜਾ ਨਾਲ ਆਪਣਾ ਸਬੰਧ ਸੁਧਾਰ ਲਿਆ ਸੀ (ਲੂਕਾ 23:12)। ਪਰ ਉਸ ਨੇ ਦੂਜਾ ਮਕਸਦ ਪੂਰਾ ਨਹੀਂ ਕੀਤਾ ਸੀ: ਕਿਉਂਕਿ ਯਿਸੂ ਨਾਲ ਨਜਿੱਠਣ ਦੀ ਜ਼ਿੰਮੇਵਾਰੀ ਉਸੇ ਦੀ ਸੀ। ਹਾਕਮ ਨੇ ਉਸ ਨੂੰ ਫੇਰ ਛੱਡ ਦੇਣ ਦੀ ਕੋਸ਼ਿਸ਼ ਕੀਤੀ।

> ਪਿਲਾਤੁਸ ਨੇ ਪ੍ਰਧਾਨ ਯਾਜਕਾਂ ਅਤੇ ਸਰਦਾਰਾਂ ਅਤੇ ਲੋਕਾਂ ਨੂੰ ਇਕੱਠੇ ਬੁਲਾ ਕੇ ਉਨ੍ਹਾਂ ਨੂੰ ਆਖਿਆ, ਤੁਸੀਂ ਇਸ ਮਨੁੱਖ ਨੂੰ ਲੋਕਾਂ ਦਾ ਭਰਮਾਉਣ ਵਾਲਾ ਠਹਿਰਾ ਕੇ ਮੇਰੇ ਕੋਲ ਲਿਆਏ ਅਰ ਵੇਖੋ ਮੈਂ ਤੁਹਾਡੇ ਸਾਹਮਣੇ ਪੁੱਛ ਗਿੱਛ ਕੀਤੀ ਅਤੇ ਜਿਹੜੀਆਂ ਗੱਲਾਂ ਦੀ ਤੁਸਾਂ ਇਸ ਉੱਤੇ ਨਾਲਸ਼ ਕੀਤੀ ਹੈ ਮੈਂ ਉਨ੍ਹਾਂ ਦੇ ਵਿਖੇ ਇਸ ਮਨੁੱਖ ਵਿਚ ਕੋਈ ਦੋਸ਼ ਨਹੀਂ ਵੇਖਿਆ। ਅਤੇ ਨਾ ਹੇਰੋਦੇਸ ਨੇ[7] ਕਿਉਂਕਿ ਓਨ ਉਸ ਨੂੰ ਸਾਡੇ ਕੋਲ ਮੋੜ ਭੇਜਿਆ ਅਰ ਵੇਖੋ ਉਹ ਦੇ ਕੋਲੋਂ

ਕਤਲ ਦੇ ਲਾਇਕ ਕੋਈ ਔਗੁਣ ਨਹੀਂ ਹੋਇਆ। ਇਸ ਲਈ ਮੈ ਉਹ ਨੂੰ ਕੋਰੜੇ ਮਾਰ ਕੇ ਛੱਡ ਦਿਆਂਗਾ (ਲੂਕਾ 23:13–16)।

ਦੂਜੀ ਵਾਰ, ਪਿਲਾਤੁਸ ਨੇ ਯਿਸੂ ਨੂੰ ''ਦੋਸ਼ੀ ਨਹੀਂ'' ਐਲਾਨਿਆ। ਇਸ ਨਾਲ ਇਕ ਸਵਾਲ ਪੈਦਾ ਹੁੰਦਾ ਹੈ ਕਿ ਜੇ ਪਿਲਾਤੁਸ ਨੇ ਉਸ ਨੂੰ ਬੇਕਸੂਰ ਪਾਇਆ, ਤਾਂ ਉਹ ਨੇ ਉਸ ਨੂੰ ਸਜ਼ਾ ਕਿਉਂ ਦਿੱਤੀ? ਹਾਕਮ ਨੂੰ ਉਮੀਦ ਸੀ ਕਿ ਮਸੀਹ ਨੂੰ ਕੋਰੜੇ ਮਾਰਨ ਨਾਲ ਯਹੂਦੀ ਖੁਸ਼ ਹੋ ਜਾਣਗੇ ਅਤੇ ਉਹ ਉਸ ਨੂੰ ਛੱਡ ਦੇਵੇਗਾ (ਲੂਕਾ 23:16; ਆਇਤ 22 ਵੀ ਵੇਖੋ)। ਲੂਕਾ 23:16 ਵਿਚ ਅਨੁਵਾਦ ਕੀਤੇ ''ਮਾਰ ਕੇ'' ਸ਼ਬਦ ਦਾ ਅਰਥ ''ਸਿਖਾਉਣਾ ਜਾਂ ਸਿਖਲਾਈ ਦੇਣਾ'' ਹੈ।[8] ਇਕ ਅਰਥ ਵਿਚ ਪਿਲਾਤੁਸ ਨੇ ਯਹੂਦੀ ਆਗੂਆਂ ਨੂੰ ਦੱਸਿਆ, ''ਮੈਂ ਇਸ ਆਦਮੀ ਨੂੰ ਸਬਕ ਸਿਖਾਵਾਂਗਾ!''

''ਪਾਠਸ਼ਾਲਾ ਦਾ ਕਮਰਾ'' ਜਿੱਥੇ ''ਸਬਕ'' ਸਿਖਾਇਆ ਗਿਆ, ਕੋਰੜੇ ਮਾਰਨ ਵਾਲਾ ਕਮਰਾ ਸੀ (ਯੂਹੰਨਾ 19:1; ਵੇਖੋ ਮੱਤੀ 27:26; ਮਰਕੁਸ 15:15)।[9] ਜੇ. ਡਬਲਯੂ. ਸ਼ੈਪਰਡ ਨੇ ਰੋਮੀ ਕੋਰੜੇ ਦਾ ਇਹ ਵੇਰਵਾ ਦਿੱਤਾ:

> ਕੋਰੜੇ ਬੰਜੂਫਲ ਦੇ ਆਕਾਰ ਦਾ ਸਿੱਕੇ ਦੀਆਂ ਗੇਂਦਾਂ ਜਾਂ ਨੋਕਦਾਰ ਹੱਡੀਆਂ ਜਾਂ ਮੇਖਾਂ ਲੱਗੀਆਂ ਚਮੜੇ ਦੀਆਂ ਕਈ ਪੱਟੀਆਂ ਵਾਲਾ ਇਕ ਛਾਂਟਾ ਹੁੰਦਾ ਸੀ। ਸਜ਼ਾ ਪਾਏ ਹੋਏ ਸ਼ਖ਼ਸ ਦੇ ਕੱਪੜੇ ਖਿਚ ਕੇ ਉਸ ਦੇ ਹੱਥ ਕਿਸੇ ਖੰਭੇ ਜਾਂ ਖੂੰਟੇ ਨਾਲ ਬੰਨ੍ਹ ਕੇ ਛੇ *[ਜਲਾਦਾਂ]* ਦੁਆਰਾ ਉਸ ਦੀ ਪਿਠ ਤੇ ਮਾਰਿਆ ਜਾਂਦਾ ਸੀ। ਜਿਨ੍ਹਾਂ ਨੇ ਸਜ਼ਾ ਦੇ ਉਨ੍ਹਾਂ ਔਜਾਰਾਂ ਨੂੰ ਇਸ ਤਰ੍ਹਾਂ ਬਣਾਇਆ ਹੁੰਦਾ ਸੀ ਕਿ ਕੈਦੀ ਅਧਮੋਇਆ ਹੋ ਜਾਂਦਾ ਸੀ। ਹਰ ਹਮਲਾ ਕੱਟੇ ਹੋਏ ਮਾਸ ਨੂੰ ਕੱਟਦਾ, ਜਿਸ ਨਾਲ ਨਾੜਾਂ ਅਤੇ ਕਈ ਵਾਰ ਆਂਦਰਾਂ ਵੀ ਵਿਖਾਈ ਦੇਣ ਲੱਗਦੀਆਂ। ਮੂੰਹ ਤੇ ਲੱਗਾ ਕੋਰੜਾ ਆਮ ਤੌਰ ਤੇ ਅੱਖਾਂ ਅਤੇ ਦੰਦਾਂ ਤੇ ਲੱਗ ਜਾਂਦਾ ਸੀ। ਕੋਰੜਿਆਂ ਨਾਲ ਆਦਮੀ ਅਧਮੋਇਆ ਹੋ ਜਾਂਦਾ ਸੀ, ਕਈ ਵਾਰ ਤਾਂ ਮਰ ਵੀ ਜਾਂਦਾ ਸੀ।[10]

ਯਿਸੂ ਨੂੰ ਇਹੋ ਜਿਹੀ ''ਸਜ਼ਾ ਦਿੱਤੀ ਗਈ'' ਸੀ। ਜਿਵੇਂ ਕਿ ਇਨੀ ਕਾਫ਼ੀ ਨਾ ਹੋਵੇ, ਫਿਰ ਉਸ ਨੂੰ ਕੁੱਟਣ ਵਾਲਿਆਂ ਰਾਹੀਂ ਠੱਠੇ ਕੀਤੇ ਗਏ। ''ਸਿਪਾਹੀਆਂ ਨੇ ਕੰਡਿਆਂ ਦਾ ਤਾਜ ਗੁੰਦ ਕੇ[11] ਉਹਦੇ ਸਿਰ ਉੱਤੇ ਧਰਿਆ ਅਰ ਉਹ ਨੂੰ ਬੈਂਗਣੀ ਚੋਗਾ ਪਹਿਨਾਇਆ।[12] ਅਤੇ ਉਹ ਦੇ ਕੋਲ ਆ ਕੇ ਕਹਿਣ ਲੱਗੇ, ਹੇ ਯਹੂਦੀਆਂ ਦੇ ਬਾਦਸ਼ਾਹ ਸਲਾਮ! ਅਤੇ ਉਹ ਨੂੰ ਚਪੇੜਾਂ ਮਾਰੀਆਂ'' (ਯੂਹੰਨਾ 19:2, 3; ਵੇਖੋ ਮੱਤੀ 20:19)।

ਪਿਲਾਤੁਸ ਨੇ ਸੋਚਿਆ ਹੋਵੇਗਾ, ''ਜਦੋਂ ਇਸ ਦੇ ਦੁਸ਼ਮਣ ਵੇਖਣਗੇ ਕਿ ਯਿਸੂ ਨਾਲ ਕੀ ਹੋਇਆ ਹੈ, ਤਾਂ ਉਹ ਯਕੀਨਨ ਹੀ ਸ਼ਾਂਤ ਹੋ ਜਾਣਗੇ!'' ਬਾਹਰ ਜਾ ਕੇ ਉਹ ਨੇ ਕਿਹਾ, ''ਵੇਖੋ ਮੈਂ ਉਹ ਨੂੰ ਤੁਹਾਡੇ ਕੋਲ ਬਾਹਰ ਲਿਆਉਂਦਾ ਹਾਂ ਤਾਂ ਤੁਸੀਂ ਜਾਣੋ ਭਈ ਮੈਂ ਉਹ ਦਾ ਕੋਈ ਦੋਸ਼ ਨਹੀਂ ਵੇਖਦਾ ਹਾਂ'' (ਯੂਹੰਨਾ 19:4ੳ)। ਯਿਸੂ ਨੂੰ ਲੋਕਾਂ ਦੇ ਸਾਹਮਣੇ ਲਿਆਂਦਾ ਗਿਆ। ਉਸ ਦੇ ਸਿਰ ਤੇ ਕੰਡਿਆਂ ਦਾ ਤਾਜ ਸੀ (ਯੂਹੰਨਾ 19:5); ਉਸ ਦੇ ਸਿਰ ਤੇ ਠੁਕੇ ਕੰਡਿਆਂ ਦੇ ਕਾਰਣ ਉਸ ਦੇ ਸਿਰ ਤੋਂ ਲਹੂ ਵਹਿ ਰਿਹਾ ਸੀ। ਉਸ ਦੀ ਪਿੱਠ ਤੇ ਇਕ ਪਾਟਾ ਹੋਇਆ ਚੋਗਾ ਸੀ (ਯੂਹੰਨਾ 19:5), ਜੋ ਉਸ ਦੀ ਜ਼ਖ਼ਮੀ ਪਿੱਠ ਤੋਂ ਵਹਿ ਰਹੇ ਲਹੂ ਨਾਲ ਭਰਿਆ ਪਿਆ ਸੀ। ਯਿਸੂ ਵੱਲ ਇਸ਼ਾਰਾ ਕਰਦਾ ਹੋਏ, ਪਿਲਾਤੁਸ ਨੇ ਕਿਹਾ, ''ਵੇਖੋ, ਐਸ ਮਨੁੱਖ ਨੂੰ!'' (ਯੂਹੰਨਾ 19:5)।[13]

ਜੇ ਹਾਕਮ ਨੂੰ ਇਹ ਉਮੀਦ ਸੀ ਕਿ ਖੂਨ ਦੇ ਪਿਆਸੇ ਯਹੂਦੀ ਕੋਰੜੇ ਮਾਰਨ ਨਾਲ ਸ਼ਾਂਤ ਹੋ ਜਾਣਗੇ, ਤਾਂ ਉਸ ਨੂੰ ਨਿਰਾਸ਼ਾ ਹੀ ਮਿਲੀ। ਪ੍ਰਧਾਨ ਯਾਜਕ ਅਤੇ ਅਧਿਕਾਰੀ ਪੁਕਾਰ ਉੱਠੇ, ''ਉਹ ਨੂੰ ਸਲੀਬ ਦਿਓ, ਸਲੀਬ ਦਿਓ!'' (ਯੂਹੰਨਾ 19:6)। ਗੁੱਸੇ ਵਿਚ ਪਿਲਾਤੁਸ ਨੇ ਆਖਿਆ ਹੋਵੇਗਾ, ''ਜੇ

ਤੁਸੀਂ ਉਸ ਨੂੰ ਸਲੀਬ ਚੜ੍ਹਾਉਣ ਤੇ ਇੰਨਾ ਹੀ ਤੁਲੇ ਹੋ ਤਾਂ ਜਾਓ *ਜੋ ਮਨ ਵਿਚ ਆਏ ਕਰੋ* ਕਿਉਂਕਿ ਮੈਂ ਇਸ ਆਦਮੀ ਵਿਚ ਕੋਈ ਦੋਸ਼ ਨਹੀਂ ਵੇਖਿਆ''[14] (ਵੇਖੋ ਯੂਹੰਨਾ 19:6)। ਉਸ ਦੀ ਅਵਾਜ਼ ਵਿਚ ਕੁਝ ਮਜ਼ਾਕ ਹੋਵੇਗਾ, ਕਿਉਂਕਿ ਉਸ ਨੂੰ ਅਤੇ ਉਨ੍ਹਾਂ ਨੂੰ ਵੀ ਪਤਾ ਸੀ ਕਿ ਰੋਮੀ ਲੋਕ ਯਹੂਦੀਆਂ ਵਿੱਚੋਂ ਕਿਸੇ ਨੂੰ ਸਲੀਬ ਤੇ ਚੜ੍ਹਾਉਣ ਦੀ ਇਜਾਜ਼ਤ ਨਹੀਂ ਦਿੰਦੇ ਸਨ।

ਯਹੂਦੀ ਆਗੂ ਡਰੇ ਨਹੀਂ। ਸਖ਼ਤੀ ਨਾਲ ਉਨ੍ਹਾਂ ਨੇ ਪਿਲਾਤੁਸ ਤੇ ਦਬਾਅ ਵਧਾਇਆ: ''ਸਾਡੇ ਕੋਲ ਸ਼ਰ੍ਹਾ ਹੈ ਅਤੇ ਉਸ ਸ਼ਰ੍ਹਾ ਅਨੁਸਾਰ ਇਹ ਮਰਨ ਦੇ ਜੋਗ ਹੈ ਇਸ ਲਈ ਜੋ ਇਹ ਨੇ ਆਪਣੇ ਆਪ ਨੂੰ ਪਰਮੇਸ਼ੁਰ ਦਾ ਪੁੱਤਰ ਬਣਾਇਆ'' (ਯੂਹੰਨਾ 19:7) ਹੈ।[15] ਦੂਜੇ ਸ਼ਬਦਾਂ ਵਿਚ, ''*ਤੈਨੂੰ* ਇਸ ਤੇ ਬਗ਼ਾਵਤ ਦਾ ਇਲਜ਼ਾਮ ਮਿਲੇ ਜਾਂ ਨਾ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। *ਅਸੀਂ* ਕਹਿੰਦੇ ਹਾਂ ਕਿ ਉਸ ਨੂੰ ਮਰਨਾ ਹੀ ਪਵੇਗਾ, ਤਾਂ ਉਸ ਨੂੰ ਮੌਤ ਦੀ ਸਜ਼ਾ ਤੂੰ ਹੀ *ਦੇਵੇਂਗਾ*!''

ਜਦੋਂ ਪਿਲਾਤੁਸ ਨੇ ਇਹ ਸੁਣਿਆ ਕਿ ਯਿਸੂ ਨੇ ਖ਼ੁਦਾ ਦਾ ਪੁੱਤਰ ਹੋਣ ਦਾ ਦਾਅਵਾ ਕੀਤਾ ਸੀ (ਯੂਹੰਨਾ 19:7), ਤਾਂ ਇਸ ਨਾਲ ਉਹ ''ਹੋਰ ਵੀ ਡਰਿਆ'' (ਯੂਹੰਨਾ 19:8)। ਯੂਨਾਨੀ ਅਤੇ ਰੋਮੀ ਮਿਥ ਵਿਚ ਦੇਵਤਿਆਂ ਨੇ ਮਨੁੱਖਾਂ ਦਾ ਰੂਪ ਧਾਰਨ ਦੀਆਂ ਕਈ ਦੰਦਕਥਾਵਾਂ ਸਨ (ਵੇਖੋ ਰਸੂਲਾਂ ਦੇ ਕੰਮ 14:11, 12)। ਉਹ ਆਪਣੀ ਕਚਹਿਰੀ ਵਿਚ ਵਾਪਸ ਗਿਆ ਅਤੇ ਇਕ ਵਾਰ ਫੇਰ ਯਿਸੂ ਨੂੰ ਉਸ ਦੇ ਸਾਹਮਣੇ ਲਿਆਂਦਾ ਗਿਆ। ਘਬਰਾਉਂਦੇ ਹੋਏ, ਉਸ ਨੇ ਪੁੱਛਿਆ, ''ਤੂੰ ਕਿੱਥੋਂ ਦਾ ਹੈਂ?'' (ਯੂਹੰਨਾ 19:9)। ਦੂਜੇ ਸ਼ਬਦਾਂ ਵਿਚ, ''ਤੂੰ ਧਰਤੀ ਤੋਂ ਹੈਂ ਜਾਂ ਸੁਰਗ ਤੋਂ ਆਇਆਂ ਹੈਂ, ਸ਼ਾਇਦ ਓਲਿੰਪਸ ਪਰਬਤ ਵਰਗੇ ਦੇਵਤਿਆਂ ਦੇ ਕਿਸੇ ਨਿਵਾਸ ਥਾਂ ਤੋਂ?'' ''ਯਿਸੂ ਨੇ ਉਹ ਨੂੰ ਉੱਤਰ ਨਾ ਦਿੱਤਾ'' (ਯੂਹੰਨਾ 19:11)।

ਪਿਲਾਤੁਸ ਨੇ ਉਸ ਤੇ ਜਵਾਬ ਦੇਣ ਦਾ ਦਬਾਅ ਪਾਇਆ: ''ਕੀ ਤੂੰ ਨਹੀਂ ਜਾਣਦਾ ਜੋ ਇਹ ਮੇਰੇ ਵੱਸ ਵਿਚ ਹੈ ਕਿ ਭਾਵੇਂ ਤੈਨੂੰ ਛੱਡ ਦਿਆਂ ਭਾਵੇਂ ਤੈਨੂੰ ਸਲੀਬ ਉੱਤੇ ਚੜ੍ਹਾਵਾਂ?'' (ਯੂਹੰਨਾ 19:11ੳ)। ਤਦ ਯਿਸੂ ਬੋਲਿਆ, ਪਰ ਉਸ ਦੇ ਜਵਾਬ ਨਾਲ ਪਿਲਾਤੁਸ ਦਾ ਮਨ ਠੰਡਾ ਨਹੀਂ ਹੋਇਆ: ''ਜੇ ਤੈਨੂੰ ਇਹ ਉੱਪਰੋਂ ਨਾ ਦਿੱਤਾ ਜਾਂਦਾ ਤਾਂ ਮੇਰੇ ਉੱਤੇ ਤੇਰਾ ਕੁਝ ਵੱਸ ਨਾ ਚੱਲਦਾ'' (ਯੂਹੰਨਾ 19:11)।

ਮਸੀਹ ਨੇ ਅੱਗੇ ਕਿਹਾ ਕਿ ''ਇਸ ਕਾਰਨ ਜਿਨ ਮੈਨੂੰ ਤੇਰੇ ਹਵਾਲੇ ਕੀਤਾ ਉਹ *[ਭਾਵ, ਕਯਾਫ਼ਾ]* ਦਾ ਪਾਪ ਵੱਧ ਹੈ'' (ਯੂਹੰਨਾ 19:11ਅ)। ਪਿਲਾਤੁਸ ਨੂੰ ਕਯਾਫ਼ਾ ਵਾਂਗ ਯਿਸੂ ਬਾਰੇ ਜਾਣਨ ਦਾ ਮੌਕਾ ਨਹੀਂ ਮਿਲਿਆ ਸੀ (ਵੇਖੋ ਲੂਕਾ 12:48)। ਇਸ ਤੋਂ ਇਲਾਵਾ ਇਸ ਹਾਕਮ ਦੇ ਮਨ ਵਿਚ ਕਯਾਫ਼ਾ ਵਾਂਗ ਉਸ ਦੇ ਪ੍ਰਤੀ ਨਫ਼ਰਤ ਨਹੀਂ ਸੀ। ਪਿਲਾਤੁਸ ਨਿਰਦੋਸ਼ ਨਹੀਂ ਸੀ (ਵੇਖੋ ਰਸੂਲਾਂ ਦੇ ਕੰਮ 4:27), ਪਰ ਪ੍ਰਧਾਨ ਯਾਜਕ (ਅਤੇ ਉਸ ਦੇ ਰਾਹੀਂ ਪ੍ਰਭਾਵਿਤ ਹੋਏ ਯਹੂਦੀਆਂ) ਦਾ ਦੋਸ਼ ਜ਼ਿਆਦਾ ਹੋਣਾ ਸੀ (ਵੇਖੋ ਰਸੂਲਾਂ ਦੇ ਕੰਮ 2:23, 36; 3:13–15, 17; 5:28, 30; 7:52; 13:27, 28; 12:14, 15)।

ਇਸ ਗੱਲਬਾਤ ਨਾਲ ਪਿਲਾਤੁਸ ਨੇ ਯਿਸੂ ਨੂੰ ਛੁਡਾਉਣ ਦਾ ਰਾਹ ਕੱਢਿਆ (ਯੂਹੰਨਾ 19:12; ਵੇਖੋ ਲੂਕਾ 23:20)। ਉਸ ਨੂੰ ਸਪੱਸ਼ਟ ਹੋ ਗਿਆ ਸੀ ਕਿ ਯਿਸੂ ਨੇ ਇਸ ਤਰ੍ਹਾਂ ਦਾ ਕੁਝ ਨਹੀਂ ਕੀਤਾ, ਜਿਸ ਨਾਲ ਰੋਮੀ ਜਾਂ ਯਹੂਦੀ ਮਾਪਦੰਡਾਂ ਮੁਤਾਬਿਕ ਉਸ ਨੂੰ ਦੋਸ਼ੀ ਠਹਿਰਾਇਆ ਜਾਵੇ, ''ਪਰ ਪ੍ਰਧਾਨ ਯਾਜਕਾਂ ਨੇ ਖਾਰ ਦੇ ਮਾਰੇ ਉਹ ਨੂੰ ਹਵਾਲੇ ਕੀਤਾ ਹੈ''[16] (ਮਰਕੁਸ 15:10)। ਮਸੀਹ ਦੇ ਕੁੱਟਣ ਤੋਂ ਯਹੂਦੀ ਸ਼ਾਂਤ ਨਹੀਂ ਹੋਏ, ਬਲਕਿ ਹੋਰ ਸਾਜ਼ਿਸ਼ਾਂ ਰਚ ਰਹੇ ਸਨ।

ਇਹ ਵਿਚਾਰ ਕਰਦੇ ਹੋਏ ਕਿ ਕੀ ਕਰਨਾ ਹੈ, ਪਿਲਾਤੁਸ ਬਾਹਰ ਆ ਗਿਆ,[17] ਉੱਥੇ ਉਸ ਨੇ ਭੀੜ ਨੂੰ ਉਡੀਕ ਕਰਦੇ ਵੇਖਿਆ (ਮਰਕੁਸ 15:8)। ਇਹ ਕੁਝ ਸਿਰਫਿਰੇ ਲੋਕਾਂ ਦਾ ਝੁੰਡ ਸੀ, ਜੋ ਯਿਸੂ ਦੀ ਮੌਤ ਦੀ ਮੰਗ ਕਰ ਰਿਹਾ ਸੀ। ਇਹ ਝੁੰਡ ਰੋਮੀਆਂ ਵੱਲੋਂ ਪਸਾਹ ਦੇ ਪਰਬ ਤੇ ਇਕ ਕੈਦੀ ਨੂੰ ਛੱਡਣ ਦੀ ਮੰਗ ਕਰਨ ਆਇਆ ਸੀ (ਮਰਕੁਸ 15:8; ਮੱਤੀ 27:15; ਯੂਹੰਨਾ 18:39)।[18]

ਉਨ੍ਹਾਂ ਦੇ ਬੇਨਤੀ ਕਰਨ ਤੇ, ਪਿਲਾਤੁਸ ਨੇ ਯਿਸੂ ਨੂੰ ਛੱਡ ਦੇਣ ਦੀ ਇਕ ਹੋਰ ਯੋਜਨਾ ਬਣਾਈ। ਆਮ ਤੌਰ ਤੇ ਹਾਕਮ ਯਹੂਦੀਆਂ ਨੂੰ ਆਪਣੀ ਪਸੰਦ ਮੁਤਾਬਿਕ ਕਿਸੇ ਨੂੰ ਛੁਡਾਉਣ ਲਈ ਚੁਣਨ ਨੂੰ ਕਹਿੰਦਾ ਸੀ (ਵੇਖੋ ਮੱਤੀ 27:15)। ਇਸ ਵਾਰ ਉਸ ਨੇ ਨੀਚ ਗੱਦਾਰ ਅਤੇ ਯਿਸੂ ਵਿੱਚੋਂ ਇਕ ਨੂੰ ਚੁਣਨ ਦਾ ਮੌਕਾ ਦੇਣਾ ਸੀ।

''ਉਸ ਵੇਲੇ ਉਨ੍ਹਾਂ ਦਾ ਬਰੱਬਾ ਕਰਕੇ ਇਕ ਨਾਮੀ ਕੈਦੀ ਸੀ''[19] (ਮੱਤੀ 27:16)। ''ਬਰੱਬਾ'' ਨਾਮ ਦਾ ਅਰਥ ਹੈ ''ਅੱਬਾ ਦਾ ਪੁੱਤਰ'' ਦੂਜੇ ਸ਼ਬਦਾਂ ਵਿਚ ''[ਮੇਰੇ] ਪਿਤਾ ਦਾ ਪੁੱਤਰ।''[20] ਉਹ ''ਕਿਸੇ ਫ਼ਸਾਦ ਦੇ ਕਾਰਨ ਜੋ ਸ਼ਹਿਰ ਵਿਚ ਹੋਇਆ ਸੀ ਅਤੇ ਖ਼ੂਨ ਦੇ ਕਾਰਨ ਕੈਦ ਵਿਚ ਪਿਆ ਹੋਇਆ ਸੀ'' (ਲੂਕਾ 23:19)। ਸ਼ਾਇਦ ਉਹ ਪਿਲਾਤੁਸ ਵੱਲੋਂ ਯਰੂਸ਼ਲਮ ਵਿਚ ਪੁਲ ਬਣਾਉਣ ਲਈ ਹੈਕਲ ਦੇ ਪੈਸੇ ਦੀ ਵਰਤੋਂ ਕਰਨ ਤੇ ਉੱਠਣ ਵਾਲੀ ਬਗ਼ਾਵਤ ਦਾ ਆਗੂ ਸੀ।[21] ਬਰੱਬਾ ਇਕ ਡਾਕੂ (ਯੂਹੰਨਾ 18:40)[22] ਅਤੇ ਖ਼ੂਨੀ[23] (ਲੂਕਾ 23:19ਅ) ਵੀ ਸੀ। ਪਿਲਾਤੁਸ ਨੇ ਸੋਚਿਆ ਹੋਵੇਗਾ ਕਿ ਬਰੱਬਾ ਅਜਿਹਾ ਸ਼ਖ਼ਸ ਨਹੀਂ ਹੈ, ਜਿਸ ਨੂੰ ਸਹੀ ਸੋਚ ਵਾਲੇ ਲੋਕ ਸਮਾਜ ਵਿਚ ਖੁੱਲ੍ਹਾ ਛੱਡਣਾ ਪਸੰਦ ਕਰਨਗੇ।

ਹਾਕਮ ਨੇ ਲੋਕਾਂ ਨੂੰ ਇਹ ਪਸੰਦ ਚੁਣਨ ਲਈ ਦੇ ਦਿੱਤੀ: ''ਤੁਸੀਂ ਕਿਹਨੂੰ ਚਾਹੁੰਦੇ ਹੋ ਜੋ ਮੈਂ ਤੁਹਾਡੀ ਖ਼ਾਤਰ ਛੱਡ ਦਿਆਂ?'' (ਮੱਤੀ 27:17; ਵੇਖੋ ਮਰਕੁਸ 15:9)। ਬਰੱਬਾ ਪ੍ਰਤੀ ਦਿਲਚਸਪੀ ਤੋਂ ਇਲਾਵਾ, ਹਾਕਮ ਨੇ ਪੰਜ ਦਿਨ ਪਹਿਲਾਂ ਯਿਸੂ ਦੀ ਮਸ਼ਹੂਰੀ ਨੂੰ ਵੀ ਧਿਆਨ ਵਿਚ ਰੱਖਿਆ ਹੋਵੇਗਾ।[24]

ਲੋਕਾਂ ਦੇ ਆਪੋ ਵਿਚ ਗੱਲਾਂ ਕਰਦਿਆਂ ਕਿ ਇਨ੍ਹਾਂ ਵਿੱਚੋਂ ਕਿਸ ਨੂੰ ਚੁਣਿਆ ਜਾਵੇ, ਪਿਲਾਤੁਸ ਨੂੰ ਲੱਗਾ ਹੋਵੇਗਾ ਕਿ ਉਸ ਨੇ ਯਹੂਦੀ ਵਿਰੋਧੀਆਂ ਦਾ ਮੂੰਹ ਬੰਦ ਕਰ ਦਿੱਤਾ ਹੈ, ਪਰ ਕਿਸੇ ਵੀ ਕਿਸਮ ਦਾ ਭਰਮ ਛੇਤੀ ਹੀ ਟੁੱਟ ਜਾਣਾ ਸੀ। ਉਸ ਦੇ ਉੱਥੇ ਬੈਠਿਆਂ,[25] ''ਉਹ ਦੀ ਪਤਨੀ ਨੇ ਉਹ ਨੂੰ ਅਖਵਾ ਭੇਜਿਆ ਜੋ ਤੂੰ ਉਸ ਧਰਮੀ ਨਾਲ ਕੁਝ ਵਾਸਤਾ ਨਾ ਰੱਖ ਕਿਉਂ ਜੋ ਮੈਂ ਅੱਜ ਸੁਫ਼ਨੇ ਵਿਚ ਉਸ ਦੇ ਕਾਰਣ ਵੱਡਾ ਦੁੱਖ ਡਿੱਠਾ''[26] (ਮੱਤੀ 27:19)। ਇਸ ਨੇ ਇਸ ਹਾਕਮ ਨੂੰ ਹੋਰ ਵੀ ਬੇਚੈਨੀ ਲਾ ਦਿੱਤੀ (ਵੇਖੋ ਯੂਹੰਨਾ 19:8)।

ਪਿਲਾਤੁਸ ਨੂੰ ਪ੍ਰਧਾਨ ਯਾਜਕਾਂ ਅਤੇ ਬਜ਼ੁਰਗਾਂ ਦੀ ਤਾਕਤ ਦਾ ਅੰਦਾਜ਼ਾ ਨਹੀਂ ਸੀ। ਉਸ ਨੇ ਇਹ ਵੀ ਗਲਤ ਅੰਦਾਜ਼ਾ ਲਾਇਆ ਹੋ ਸਕਦਾ ਹੈ ਕਿ ਬਰੱਬਾ ਬਾਰੇ ਲੋਕਾਂ ਦਾ ਕੀ ਮੰਨਣਾ ਸੀ। ਇਕ ਇਨਸਾਨ ਦੇ ਰੂਪ ਵਿਚ ਬਰੱਬਾ ਭਾਵੇਂ ਕਿੰਨਾ ਵੀ ਭੈੜਾ ਹੋਵੇ, ਪਰ ਭੈੜੇ ਰੋਮੀਆਂ ਖਿਲਾਫ਼ ਲੜਨ ਦੇ ਕਾਰਨ ਇਹ ਕੈਦੀ ਲੋਕਾਂ ਵਿਚ ਇਕ ਨਾਇਕ ਵਾਂਗ ਹੋਵੇਗਾ। ਹਰ ਹਾਲ ਵਿਚ, ਯਹੂਦੀ ਆਗੂ ਭੀੜ ਨੂੰ ਸਮਝਾਉਣ ਵਿਚ ਕਾਮਯਾਬ ਹੋ ਗਏ ਕਿ ''ਬਰੱਬਾ ਨੂੰ ਮੰਗੋ ਅਤੇ ਯਿਸੂ ਦਾ ਨਾਸ ਕਰੋ'' (ਮੱਤੀ 27:20)।

ਹਾਕਮ ਭੀੜ ਦੇ ਫ਼ੈਸਲੇ ਤੋਂ ਹੈਰਾਨ ਅਤੇ ਉਦਾਸ ਹੋ ਗਿਆ ਹੋਵੇਗਾ, ਕਿਉਂਕਿ ''ਸਭਨਾਂ ਰਲ ਕੇ ਡੰਡ ਪਾਈ ਅਤੇ ਆਖਿਆ ਕਿ ਇਸ ਨੂੰ ਮਾਰ ਦਿਓ ਇਸ ਨੂੰ! ਅਰ ਬਰੱਬਾ ਨੂੰ ਸਾਡੇ ਲਈ ਛੱਡ ਦਿਓ'' (ਲੂਕਾ 23:18; ਵੇਖੋ ਮੱਤੀ 27:21)। ਪਹਿਰੇਦਾਰਾਂ ਨਾਲ ਘਿਰੇ ਪਿਲਾਤੁਸ ਨੇ ਸਾਡੇ ਦੋ ਭਾਗ ਦੇ ਪਾਠ ਵਿਚ ਦਿੱਤਾ ਗਿਆ ਸਵਾਲ ਪੁੱਛਿਆ: ''ਫੇਰ ਯਿਸੂ ਨੂੰ ਜਿਹੜਾ ਮਸੀਹ ਕਹਾਉਂਦਾ ਹੈ ਮੈਂ ਕੀ ਕਰਾਂ?'' (ਮੱਤੀ 27:22)। ਉਨ੍ਹਾਂ ਨੇ ਚੀਖਦੇ ਹੋਏ ਜਵਾਬ ਦਿੱਤਾ, ''ਸਲੀਬ ਦਿਓ!'' (ਮੱਤੀ 27:22; ਵੇਖੋ ਮਰਕੁਸ 15:12, 13; ਲੂਕਾ 23:21)।[27]

ਫਿਰ ਪਿਲਾਤੁਸ ਨੇ ਨਿਆਂ ਲਈ ਲੋਕਾਂ ਨੂੰ ਆਪਣੇ ਅੰਤਰ ਮਨ ਵਿਖਾਉਣ ਦੀ ਕੋਸ਼ਿਸ਼ ਕੀਤੀ। ''ਉਸ ਨੇ ਤੀਜੀ ਵਾਰ ਉਨ੍ਹਾਂ ਨੂੰ ਆਖਿਆ, ਕਿਉਂ, ਇਸ ਨੇ ਕੀ ਬੁਰਿਆਈ ਕੀਤੀ ਹੈ? ਮੈਂ ਇਹ ਦੇ ਵਿਚ ਕਤਲ ਦੇ ਲਾਇਕ ਕੋਈ ਦੋਸ਼ ਨਹੀਂ ਵੇਖਿਆ'' (ਲੂਕਾ 23:22; ਵੇਖੋ ਮਰਕੁਸ 15:14)। ਪਰ ਉਸ ਦੇ ਸੁਣਨ ਵਾਲਿਆਂ ਨੂੰ ਨਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ: ''ਉਹ ਉੱਚੀ ਰੌਲਾ ਪਾ ਕੇ ਉਸ ਦੇ ਗਲ ਪੈ ਗਏ ਜੋ ਉਹ ਸਲੀਬ ਉੱਤੇ ਚੜ੍ਹਾਇਆ ਜਾਵੇ'' (ਲੂਕਾ 23:23; ਵੇਖੋ ਮਰਕੁਸ 15:14)।

ਖ਼ੁਦਾ ਦੇ ਲੋਕਾਂ ਵੱਲੋਂ ਖ਼ੁਦਾ ਦੇ ਪੁੱਤਰ ਨੂੰ ਠੁਕਰਾਉਣ ਦਾ ਦਿਲ ਟੁੰਬਵਾਂ ਦਰਿਸ਼ ਵੇਖਦੇ ਹੋਏ,[28]

ਸਾਨੂੰ ਲੱਗ ਸਕਦਾ ਹੈ ਕਿ ਕਿਸੇ ਹੋਰ ਨੇ ਯਿਸੂ ਬਾਰੇ ਇਹ ਕਹਿਣ ਦੀ ਹਿੰਮਤ ਕਦੀ ਨਹੀਂ ਕੀਤੀ ਕਿ ''ਅਸੀਂ ਇਸ ਨੂੰ ਸਲੀਬ ਤੇ ਚੜ੍ਹਾਵਾਂਗੇ।'' ਪਰ ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਲਿਖਿਆ ਹੈ ਕਿ ਬੇਦੀਨ ਹੋਣ ਵਾਲੇ ਲੋਕ ''ਪਰਮੇਸ਼ੁਰ ਦੇ ਪੁੱਤਰ ਨੂੰ ਆਪਣੀ ਵੱਲੋਂ ਦੂਜੀ ਵਾਰ ਸਲੀਬ ਉੱਤੇ ਚਾੜ੍ਹਦੇ ਅਤੇ ਸਰੀਹਨ ਬੇਪੱਤ ਕਰਦੇ ਹਨ'' (ਇਬਰਾਨੀਆਂ 6:6)। ਯਿਸੂ ਦਾ ਚੇਲਾ ਹੋਣ ਦੇ ਨਾਤੇ, ਕੀ ਤੁਸੀਂ ਕਦੀ ਉਸ ਤੋਂ ਪਿੱਛੇ ਹਟਣ ਦੀ ਅਜ਼ਮਾਇਸ਼ ਵਿਚ ਪਏ ਹੋ? ਯਾਦ ਰੱਖੋ ਕਿ ਜੇ ਤੁਸੀਂ ਇਸ ਤਰ੍ਹਾਂ ਕਰਦੇ ਹੋ ਤਾਂ ਤੁਸੀਂ ਨਵੇਂ ਸਿਰਿਓਂ ਉਸ ਦੇ ਹੱਥਾਂ ਅਤੇ ਪੈਰਾਂ ਵਿਚ ਕਿੱਲ ਠੋਕ ਰਹੇ ਹੋਵੋਗੇ ਪਤਰਸ ਨੇ ਮਸੀਹੀ ਲੋਕਾਂ ਨਾਲ ਜਿਹੜੇ ਇਕ ਵਾਰ ਫੇਰ ਸੰਸਾਰ ਵਿਚ ਵਾਪਸ ਮੁੜ ਗਏ ਸਨ, ਕਿਹਾ ''ਉਨ੍ਹਾਂ ਦਾ ਪਿਛਲਾ ਹਾਲ ਪਹਿਲੇ ਨਾਲੋਂ ਬੁਰਾ ਹੋਇਆ'' (2 ਪਤਰਸ 2:20; ਵੇਖੋ ਆਇਤਾਂ 21, 22)। ਆਪਣੇ ਕੰਮਾਂ ਨਾਲ ਕਦੀ ਨਾ ਕਹੋ ਕਿ ''ਮੈਂ ਉਸ ਨੂੰ ਸਲੀਬ ਤੇ ਚੜ੍ਹਾਵਾਂਗਾ!''

## ਪਿਲਾਤੁਸ: ''ਮੈਂ ਨਿਰਪੱਖ ਰਹਾਂਗਾ''
## (ਮੱਤੀ 27:24-31; ਮਰਕੁਸ 15:15-20;
## ਲੂਕਾ 23:23-25; ਯੂਹੰਨਾ 19:12-16)

ਭੀੜ ਨੇ ਯਿਸੂ ਨੂੰ ਸਲੀਬ ਤੇ ਚੜ੍ਹਾਉਣ ਦੀ ਡੰਡ ਜਾਰੀ ਰੱਖਦੇ ਹੋਏ, ''ਉਨ੍ਹਾਂ ਦੀਆਂ ਅਵਾਜ਼ਾਂ ਪਰਬਲ ਪੈ ਗਈਆਂ'' (ਲੂਕਾ 23:23)। ਪਿਲਾਤੁਸ ਨੂੰ ਇਹ ਸਾਫ਼ ਹੁੰਦਾ ਜਾ ਰਿਹਾ ਸੀ ਕਿ ਯਹੂਦੀਆਂ ਨੂੰ ਯਿਸੂ ਦੀ ਮੌਤ ਤੋਂ ਹੀ ਸ਼ਾਂਤੀ ਮਿਲੇਗੀ।

ਹਾਕਮ ਦਾ ਕੋਈ ਵੀ ਬਚਿਆ ਹੋਇਆ ਵਿਰੋਧ ਯਹੂਦੀ ਆਗੂਆਂ ਨੂੰ ਇਸ ਰੌਲੇ ਨਾਲ ਸ਼ਾਂਤ ਹੋ ਗਿਆ ਕਿ ''ਜੇ ਤੂੰ ਇਹ ਨੂੰ ਛੱਡ ਦੇਵੇਂ ਤਾਂ ਤੂੰ ਕੈਸਰ ਦਾ ਮਿੱਤਰ ਨਹੀਂ! ਹਰੇਕ ਜੋ ਆਪਣੇ ਆਪ ਨੂੰ ਬਾਦਸ਼ਾਹ ਬਣਾਉਂਦਾ ਹੈ ਸੋ ਕੈਸਰ ਦੇ ਵਿਰੁੱਧ ਬੋਲਦਾ ਹੈ'' (ਯੂਹੰਨਾ 19:12)। ਉਸ ਸਮੇਂ ਤਿਬਿਰਿਯੁਸ ਕੈਸਰ ਸੀ (ਵੇਖੋ ਲੂਕਾ 3:1)।[29] ਤਿਬਿਰਿਯੁਸ ਦੀ ਹਕੂਮਤ ਦਾ ਆਖ਼ਰੀ ਹਿੱਸਾ ''ਬੇਵਜ੍ਹਾ ਈਰਖਾ, ਸ਼ੱਕ ਅਤੇ ਜ਼ੁਲਮ'' ਲਈ ਮਸ਼ਹੂਰ ਸੀ।[30] ਬਹੁਤ ਸਾਰੇ ਅਧਿਕਾਰੀਆਂ ਨੂੰ ''*maiestas minuta* ਅਰਥਾਤ ਰਾਜ ਦੀ ਸੁਰੱਖਿਆ ਦੀ ਅਣਗਹਿਲੀ'' ਕਰਨ ਦਾ ਇਲਜ਼ਾਮ ਲਾ ਕੇ ਰੋਮ ਵਿਚ ਵਾਪਸ ਸੱਦਿਆ ਜਾ ਰਿਹਾ ਸੀ।[31] ਕਿਉਂਕਿ ਪਿਲਾਤੁਸ ਦੀ ਹਾਲਤ ਬਹੁਤ ਪਤਲੀ ਸੀ, ਇਸ ਲਈ ਉਸ ਨੇ ਯਹੂਦੀਆਂ ਦੇ ਰਵਾਇਤੀ ਤੌਰ ਤੇ ਸ਼ਿਕਾਇਤ ਕਰਨ ਦਾ ਖ਼ਤਰਾ ਲੈਣ ਦੀ ਹਿੰਮਤ ਨਹੀਂ ਕੀਤੀ।[32]

ਨਿਆਂ ਦੀ ਗੱਦੀ ਤੇ ਬੈਠੇ ਹੋਏ (ਯੂਹੰਨਾ 19:13) ਰੋਮੀ ਇਖ਼ਤਿਆਰ ਦੇ ਪ੍ਰਤੀਕ, ਪਿਲਾਤੁਸ ਨੇ ਭੀੜ ਦੇ ਸਾਮ੍ਹਣੇ ਯਿਸੂ ਨੂੰ ਵਾਪਸ ਸੱਦਿਆ (ਯੂਹੰਨਾ 19:13)। ਉਸ ਨੇ ਕਿਹਾ, ''ਅਹੁ ਤੁਹਾਡਾ ਬਾਦਸ਼ਾਹ ਹੈ!'' (ਯੂਹੰਨਾ 19:14)। ਉਹ ਡੰਡ ਪਾ ਕੇ ਕਹਿਣ ਲੱਗੇ, ''ਲੈ ਜਾਓ, ਲੈ ਜਾਓ! ਉਹ ਨੂੰ ਸਲੀਬ ਦਿਓ!'' (ਯੂਹੰਨਾ 19:15)। ਪਿਲਾਤੁਸ ਨੇ ਪੁੱਛਿਆ, ''ਮੈਂ ਤੁਹਾਡੇ ਬਾਦਸ਼ਾਹ ਨੂੰ ਸਲੀਬ ਦਿਆਂ?'' (ਯੂਹੰਨਾ 19:15)। ''ਪ੍ਰਧਾਨ ਯਾਜਕਾਂ ਨੇ ਉੱਤਰ ਦਿੱਤਾ ਕਿ ਕੈਸਰ ਬਿਨਾ ਸਾਡਾ ਕੋਈ ਬਾਦਸ਼ਾਹ ਨਹੀਂ ਹੈ'' (ਯੂਹੰਨਾ 19:15)!

ਜੇ ਸਾਨੂੰ ਕਦੀ ਸਬੂਤ ਚਾਹੀਦਾ ਹੋਵੇ ਕਿ ਨਫ਼ਰਤ ਮਨਾਂ ਤੇ ਪਰਦਾ ਪਾ ਦਿੰਦੀ ਹੈ ਅਤੇ ਨਿਆਂ ਦਾ ਨਾਸ ਹੁੰਦਾ ਹੈ, ਤਾਂ ਇਹ ਸਭ ਤੋਂ ਵਧੀਆ ਉਦਾਹਰਣ ਹੈ: ''ਕੈਸਰ ਬਿਨਾਂ ਸਾਡਾ ਕੋਈ ਬਾਦਸ਼ਾਹ ਨਹੀਂ ਹੈ?'' ਕੀ ਖ਼ੁਦਾ ਇਸਰਾਏਲ ਦਾ ਬਾਦਸ਼ਾਹ ਨਹੀਂ ਸੀ (ਜ਼ਬੂਰ 10:16; ਮੱਤੀ 5:35)? ਕੀ ਉਹ ਆਉਣ ਵਾਲੇ ਮਸੀਹਾ ਨੂੰ ਨਹੀਂ ਉਡੀਕ ਰਹੇ ਸਨ, ਜਿਸ ਨੇ ਉਨ੍ਹਾਂ ਦਾ ਬਾਦਸ਼ਾਹ ਹੋਣਾ ਸੀ (ਜ਼ਕਰਯਾਹ 9:9; ਮੱਤੀ 21:5)? ਆਪਣੀ ਈਰਖਾ ਨਾਲ ਭਰੇ ਯਹੂਦੀ ਯਾਜਕਪੁਣੇ ਨੇ ਹਜ਼ਾਰਾਂ ਸਾਲਾਂ ਤੋਂ ਮੰਨੀ ਜਾਣ ਵਾਲੀ ਪਵਿੱਤਰ ਸੱਚਾਈ ਨੂੰ ਤਿਆਗ ਦਿੱਤਾ।

ਇਸ ਸਾਰੇ ਸਮੇਂ ਵਿਚ, ਭੀੜ ''ਇਹ ਨੂੰ ਸਲੀਬ ਦਿਓ'' ਦੀ ਰਟ ਲਾ ਰਹੀ ਸੀ (ਮੱਤੀ

27:23), ਜਿਸ ਨਾਲ ਅਜਿਹੀ ਲਹਿਰ ਬਣ ਸਕਦੀ ਸੀ, ਜਿਸ ਦਾ ਰੋਮੀ ਹਾਕਮ ਨੂੰ ਡਰ ਰਹਿੰਦਾ ਸੀ, ਕਿਉਂਕਿ ਇਸ ਨਾਲ ਦੰਗਾ ਭੜਕ ਸਕਦਾ ਸੀ।[33] ਦੰਗਾ ਭੜਕਨ ਨਾਲ ਯਹੂਦੀਆਂ ਤੇ ਰਾਜ ਕਰਨ ਦੀ ਪਿਲਾਤੁਸ ਦੀ ਕਾਬਲੀਅਤ ਤੇ ਸਵਾਲ ਉੱਠ ਸਕਦਾ ਸੀ। ਹਾਕਮ ਨੂੰ ਆਪਣੀ ਨੌਕਰੀ ਅਤੇ ਇਕ ਨਿਰਦੋਸ਼ ਨੂੰ ਛੱਡਣ ਵਿਚ ਇਕ ਨੂੰ ਚੁਣਨ ਦਾ ਝੱਟ ਫ਼ੈਸਲਾ ਲੈਣਾ ਪੈਣਾ ਸੀ। ਉਸ ਨੂੰ ਫ਼ੈਸਲਾ ਲੈਣ ਵਿਚ ਜ਼ਿਆਦਾ ਸਮਾਂ ਨਹੀਂ ਲੱਗਾ: ਉਸ ਨੇ ਯਿਸੂ ਨੂੰ ਬਚਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਛੱਡ ਦਿੱਤੀਆਂ (ਵੇਖੋ ਮੱਤੀ 27:24)।

ਪਿਲਾਤੁਸ ਨੇ ਪਾਣੀ ਦਾ ਇਕ ਭਾਂਡਾ ਮੰਗਵਾ ਕੇ ''ਲੋਕਾਂ ਦੇ ਸਾਹਮਣੇ ਹੱਥ ਧੋਤੇ ਅਤੇ ਕਿਹਾ, ਮੈਂ ਇਸ ਦੇ ਲਹੂ ਤੋਂ ਨਿਰਦੋਸ਼ ਹਾਂ'' (ਮੱਤੀ 27:24)। ਯਹੂਦੀ ਇਸ ਨੂੰ ਸੰਕੇਤਕ ਕੰਮ ਸਮਝਦੇ ਸਨ (ਵਿਵਸਥਾਸਾਰ 21:1–9; ਵੇਖੋ ਜ਼ਬੂਰਾਂ ਦੀ ਪੋਥੀ 26:6; 73:13)।[34] ਪਿਲਾਤੁਸ ਆਪਣੇ ਆਪ ਨੂੰ ਜ਼ਿੰਮੇਵਾਰੀ ਤੋਂ ਅਜ਼ਾਦ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ; ਪਰ ਇਹ ਗੱਲ ਰਹਿ ਜਾਂਦੀ ਹੈ ਕਿ ਰੋਮੀ ਹਾਕਮ ਦੇ ਰੂਪ ਵਿਚ, ਫ਼ੈਸਲਾ ਲੈਣ ਦਾ ਆਖ਼ਰੀ ਇਖ਼ਤਿਆਰ ਉਸੇ ਦੇ ਕੋਲ ਸੀ। ਉਹ ਆਪਣੇ ਹੱਥੋਂ ਮੈਲ ਲਾਹ ਸਕਦਾ ਸੀ, ਪਰ ਆਪਣੇ ਮਨ ਤੇ ਲੱਗਾ ਦਾਗ ਨਹੀਂ।

''ਮੈਂ ਯਿਸੂ ਨੂੰ ਕੀ ਕਰਾਂ?'' ਸਵਾਲ ਦੇ ਸਬੰਧ ਵਿਚ ਪਿਲਾਤੁਸ ਦੇ ਜਵਾਬ ਦੇਣ ਦੀ ਕੋਸ਼ਿਸ ਕੀਤੀ, ''ਮੈਂ ਨਿਰਪੱਖ ਰਹਾਂਗਾ।'' ਮੁਸ਼ਕਲ ਇਹੀ ਹੈ ਕਿ ਯਿਸੂ ਬਾਰੇ ਨਿਰਪੱਖ ਨਹੀਂ ਰਿਹਾ ਜਾ ਸਕਦਾ। ਮਸੀਹ ਨੇ ਕਿਹਾ, ''ਜੋ ਮੇਰੇ ਨਾਲ ਨਹੀਂ ਸੋ ਮੇਰੇ ਵਿਰੁੱਧ ਹੈ'' (ਮੱਤੀ 12:30)। ਮਸੀਹ ਨੂੰ *ਕਬੂਲ* ਨਾ ਕਰ ਸਕਣ ਦਾ ਫ਼ੈਸਲਾ ਉਸ ਨੂੰ *ਠੁਕਰਾਉਣ* ਦਾ ਫ਼ੈਸਲਾ ਹੀ ਹੈ। ਯਿਸੂ ਨੇ ਸਾਫ਼ ਕਿਹਾ, ''ਜਿਹੜਾ ਮੈਨੂੰ ਰੱਦ ਕਰਦਾ ਹੈ ਅਤੇ ਮੇਰੀਆਂ ਗੱਲਾਂ ਨਹੀਂ ਕਬੂਲਦਾ, ਉਹ ਨੂੰ ਇਕ ਦੋਸ਼ੀ ਠਹਿਰਾਉਂਦਾ ਹੈ। ਜਿਹੜਾ ਬਚਨ ਮੈਂ ਕਿਹਾ ਉਹੀਓ ਅੰਤ ਦੇ ਦਿਨ ਉਸ ਨੂੰ ਦੋਸ਼ੀ ਠਹਿਰਾਵੇਗਾ'' (ਯੂਹੰਨਾ 12:48)। ਨਿਰਪੱਖ ਰਹਿਣਾ ਪ੍ਰਭੂ ਬਾਰੇ ਫ਼ੈਸਲਾ ਲੈਣ ਦਾ ਕੋਈ ਬਦਲ ਨਹੀਂ ਹੈ।

ਯਿਸੂ ਦੀ ਮੌਤ ਬਾਰੇ ਨਿਰਦੋਸ਼ ਹੋਣ ਦਾ ਦਾਅਵਾ ਕਰਨ ਤੋਂ ਬਾਅਦ ਪਿਲਾਤੁਸ ਨੇ ਭੀੜ ਨੂੰ ਕਿਹਾ, ''ਤੁਸੀਂ ਜਾਣੋ'' (ਮੱਤੀ 27:24)। ਉਨ੍ਹਾਂ ਨੇ ਜਵਾਬ ਦਿੱਤਾ, ''ਉਹ ਦਾ ਲਹੂ ਸਾਡੇ ਉੱਤੇ ਅਰ ਸਾਡੀ ਉਲਾਦ ਉੱਤੇ ਹੋਵੇ'' (ਮੱਤੀ 27:25)। ਇਹ ਕਹਿ ਕੇ ਯਹੂਦੀਆਂ ਨੇ ਸਵੈ-ਇੱਛਾ ਨਾਲ ਖ਼ੁਦਾ ਦੇ ਆਪਣੇ ਪੁੱਤਰ ਨੂੰ ਜਾਨੋਂ ਮਾਰਨ ਦਾ ਦੋਸ਼ ਕਬੂਲ ਕੀਤਾ।[35]

''ਪਿਲਾਤੁਸ ਲੇ ਲੋਕਾਂ ਨੂੰ ਰਾਜ਼ੀ ਕਰਨ ਦੀ ਮਨਸ਼ਾ ਨਾਲ'' (ਮਰਕੁਸ 15:15) ਅਖ਼ੀਰ ਵਿਚ ''ਹੁਕਮ ਕੀਤਾ ਜੋ ਉਨ੍ਹਾਂ ਦੀ ਅਰਜ਼ ਦੇ ਅਨੁਸਾਰ ਹੋਵੇ। ਅਤੇ ਉਸ ਨੂੰ ਜਿਹੜਾ ਪਸਾਦ ਅਰ ਖ਼ੂਨ ਦੇ ਕਾਰਨ ਕੈਦ ਹੋਇਆ ਸੀ ਜਿਹ ਨੂੰ ਉਹ ਮੰਨਦੇ ਸਨ ਛੱਡ ਦਿੱਤਾ।'' (ਲੂਕਾ 23:24, 25)। ਫਿਰ ਉਸ ਨੇ ਯਿਸੂ ਨੂੰ ''ਸਲੀਬ ਤੇ ਚੜ੍ਹਾਉਣ'' ਲਈ ਹਵਾਲੇ ਕੀਤਾ (ਮੱਤੀ 27:26)।[36]

ਯੂਹੰਨਾ ਨੇ ਇਤਿਹਾਸ ਬਦਲਣ ਵਾਲੇ ਇਸ ਫ਼ੈਸਲੇ ਦਾ ਥਾਂ ਦੱਸਿਆ ਹੈ: ''ਉਸ ਥਾਂ ਜਿਹੜਾ ਪੱਥਰ ਦਾ ਚਬੂਤਰਾ ਇਬਰਾਨੀ ਭਾਖਿਆ ਵਿਚ ਗੱਬਤਾ ਕਰਕੇ ਆਖੀਦਾ ਹੈ''[37] (ਯੂਹੰਨਾ 19:13)।[38] ਇਸ ਰਸੂਲ ਨੇ ਉਸ ਦਿਨ ਬਾਰੇ ਲਿਖਿਆ ਹੈ ਕਿ ''ਇਹ ਪਸਾਹ ਦੀ ਤਿਆਰੀ ਦਾ ਦਿਨ ਸੀ'' (ਯੂਹੰਨਾ 19:14)। ਸੰਦਰਭ ਵਿਚ, ਇਹ ਵਾਕ ਅੱਠ ਦਿਨ ਤਕ ਚੱਲਣ ਵਾਲੇ ਪਰਬ ਵਿਚ ਆਏ ਸਬਤ ਲਈ ਤਿਆਰੀ ਦਾ ਦਿਨ ਹੈ (ਵੇਖੋ ਯੂਹੰਨਾ 19:31; ਮਰਕੁਸ 15:42; ਲੂਕਾ 23:54)। ਯੂਹੰਨਾ ਨੇ ਤਾਂ ਸਮਾਂ ਵੀ ਦੱਸ ਦਿੱਤਾ: ''ਦੁਪਹਿਰ ਦਾ ਵੇਲਾ'' (ਯੂਹੰਨਾ 19:14)। ਯੂਹੰਨਾ ਨੇ ਸਮੇਂ ਦੀ ਰੋਮੀ ਗਿਣਤੀ ਕੀਤੀ।[39] ਉਸ ਗਿਣਤੀ ਮੁਤਾਬਿਕ, ''ਛੇਵਾਂ ਘੰਟਾ'' ਸਵੇਰੇ 6:00 ਵਜੇ ਹੋਵੇਗਾ। ਯੂਹੰਨਾ ''ਛੇਵੇਂ ਘੰਟੇ ਦੇ *ਲਗਭਗ*'' ਕਹਿਣ ਦਾ ਅਰਥ ਇਹ ਹੋਇਆ ਕਿ ਇਸ ਤੋਂ ਥੋੜੀ ਦੇਰ ਬਾਅਦ ਹੋ ਸਕਦਾ ਹੈ, ਪਰ ਭੀੜ ਨੂੰ ਪਿਲਾਤੁਸ ਦੇ ਦੁਆਰਾ ਹਵਾਲੇ ਕਰਨ ਸਮੇਂ ਅਜੇ ਦਿਨ ਚੜ੍ਹਿਆ ਹੀ ਸੀ।

ਪਿਲਾਤੁਸ ਨੇ ਯਿਸੂ ਨੂੰ ਸਲੀਬ ਤੇ ਚੜ੍ਹਾਉਣ ਲਈ ਆਪਣੇ ਸਿਪਾਹੀਆਂ ਦੇ ਹਵਾਲੇ ਕੀਤਾ। ਉਸ

ਨੂੰ ਅਤੇ ਦੋ ਹੋਰ ਲੋਕਾਂ ਨੂੰ ਸਲੀਬ ਤੇ ਚੜ੍ਹਾਉਣ ਲਈ, ਜਿਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ, ਇੰਤਜਾਮ ਕਰਨ ਵਿਚ (ਵੇਖੋ ਮਰਕੁਸ 15:25) ਸਮਾਂ ਲੱਗਾ।[40] ਸਿਪਾਹੀਆਂ ਨੇ ਕੁਝ ਦੇਰ ਪਹਿਲਾਂ ਸ਼ੁਰੂ ਕੀਤੇ ਗਏ ਭੱਦੇ ''ਖੇਡ'' ਨੂੰ ਫਿਰ ਸ਼ੁਰੂ ਕਰਦਿਆਂ ਕੱਟਿਆ।[41] ਇਸ ਵਾਰ ''ਸਾਰੀ ਪਲਟਨ'' ਨੇ ਪ੍ਰਭੂ ਨੂੰ ਗਾਲਾਂ ਕੱਢੀਆਂ ਅਤੇ ਉਸ ਦਾ ਮਜ਼ਾਕ ਉਡਾਇਆ (ਮਰਕੁਸ 15:16–19; ਮੱਤੀ 27:27–30 ਵੀ ਵੇਖੋ)।

ਅਖ਼ੀਰ: ਮੌਤ ਦੀ ਸਜ਼ਾ ਦੇਣ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ। ਸਿਪਾਹੀਆਂ ਨੇ ''*[ਯਿਸੂ ਦਾ]* ਚੋਗਾ ਉਹ ਦੇ ਉੱਤੋਂ ਲਾਹ ਲਿਆ ਅਰ ਉਸ ਦੇ ਕੱਪੜੇ ਉਹ ਨੂੰ ਪੁਆਏ ਅਤੇ ਸਲੀਬ ਉੱਤੇ ਚੜ੍ਹਾਉਣ ਲਈ ਉਹ ਨੂੰ ਲੈ ਗਏ'' (ਮੱਤੀ 27:31)।

## ਸਾਰ

ਦੋ ਭਾਗਾਂ ਦੇ ਆਪਣੇ ਪਾਠ ਵਿਚ, ਅਸੀਂ ''ਯਿਸੂ ਨੂੰ ਮੈਂ ਕੀ ਕਰਾਂ?'' ਸਵਾਲ ਦੇ ਕਈ ਜਵਾਬ ਵੇਖੇ ਹਨ।

- ਯਹੂਦਾ ਦਾ ਜਵਾਬ ਸੀ ''ਮੈਂ ਉਸ ਨੂੰ ਵੇਚ ਦਿਆਂਗਾ।''
- ਪਤਰਸ ਦਾ ਜਵਾਬ ਸੀ ''ਮੈਂ ਉਸ ਦਾ ਇਨਕਾਰ ਕਰਾਂਗਾ।''
- ਮਹਾਂਸਭਾ ਦਾ ਜਵਾਬ ਸੀ ''ਅਸੀਂ ਉਸ ਤੇ ਦੋਸ਼ ਲਾਵਾਂਗੇ।''
- ਹੇਰੋਦੇਸ ਦਾ ਜਵਾਬ ਸੀ ''ਮੈਂ ਸਿਰਫ਼ ਉਤਸੁਕ ਹੋਵਾਂਗਾ।''
- ਭੀੜ ਦਾ ਜਵਾਬ ਸੀ ''ਅਸੀਂ ਉਸ ਨੂੰ ਸਲੀਬ ਤੇ ਚੜ੍ਹਾਵਾਂਗੇ।''
- ਪਿਲਾਤੁਸ ਦਾ ਜਵਾਬ ਸੀ ''ਮੈਂ ਨਿਰਪੱਖ ਰਹਾਂਗਾ।''

ਇਨ੍ਹਾਂ ਲੋਕਾਂ ਨੇ ਇਸ ਤਰ੍ਹਾਂ ਜਵਾਬ ਕਿਉਂ ਦਿੱਤੇ? ਯਹੂਦਾ ਨੇ ਸ਼ੈਤਾਨ ਦੇ ਸਾਹਮਣੇ ਸਮਰਪਣ ਕਰ ਦਿੱਤਾ ਸੀ (ਵੇਖੋ ਲੂਕਾ 22:3; ਯੂਹੰਨਾ 13:27)। ਪਤਰਸ ਨੇ ਸਾਫ਼ ਤੌਰ ਤੇ ਡਰ ਦੇ ਸਾਹਮਣੇ ਸਮਰਪਣ ਕਰ ਦਿੱਤਾ ਸੀ। ਮਹਾਂਸਭਾ ਨੇ ਈਰਖਾ ਅਤੇ ਮੁਤਅੱਸਬ ਦੇ ਅੱਗੇ ਸਮਰਪਣ ਕਰ ਦਿੱਤਾ ਸੀ (ਮਰਕੁਸ 15:10)। ਹੇਰੋਦੇਸ ਨੇ ਆਪਣੇ ਕੁਧਰਮੀ ਸੁਭਾਅ ਦੇ ਅੱਗੇ ਸਮਰਪਣ ਕਰ ਦਿੱਤਾ ਸੀ। ਭੀੜ ਨੇ ਆਪਣੇ ਜ਼ਿੱਦੀ ਆਗੂਆਂ ਅੱਗੇ ਸਮਰਪਣ ਕਰ ਦਿੱਤਾ ਸੀ। ਪਿਲਾਤੁਸ ਨੇ ਭੀੜ ਅੱਗੇ ਸਮਰਪਣ ਕਰ ਦਿੱਤਾ ਸੀ (ਮਰਕੁਸ 15:15)।[42] ਅਫ਼ਸੋਸ ਕਿ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਖ਼ੁਦਾ ਅੱਗੇ ਸਮਰਪਣ ਨਹੀਂ ਕੀਤਾ ਸੀ (ਵੇਖੋ ਰੋਮੀਆਂ 6:13; KJV)।[43]

ਤੁਹਾਨੂੰ ''ਮੈਂ ਯਿਸੂ ਨੂੰ ਕੀ ਕਰਾਂ?'' ਸਵਾਲ ਦਾ ਜਵਾਬ ਕੀ ਦੇਣਾ *ਚਾਹੀਦਾ ਹੈ*? ਕਿਸ ਜਵਾਬ ਨਾਲ ਤੁਹਾਡੀ ਜਾਨ ਬਚ ਜਾਵੇ ਅਤੇ ਤੁਹਾਡੀ ਜ਼ਿੰਦਗੀ ਵਿਚ ਬਰਕਤ ਮਿਲੇ? ਸਹੀ ਜਵਾਬ ਪੈਂਟੀਕਾਸਟ ਵਾਲੇ ਦਿਨ ਦਿੱਤਾ ਗਿਆ ਸੀ, ਜਦੋਂ ਤਿੰਨ ਹਜ਼ਾਰ ਜਣਿਆਂ ਦੇ ਕਹਿਣ ਤੋਂ ਭਾਵ ਸੀ ਕਿ ''ਅਸੀਂ ਉਸ ਨੂੰ ਕਬੂਲ ਕਰਾਂਗੇ ਅਤੇ ਉਸ ਦਾ ਹੁਕਮ ਮੰਨਾਂਗੇ!'' (ਰਸੂਲਾਂ ਦੇ ਕੰਮ 2:37, 38, 41)।

ਹੁਣ ''ਮੈਂ ਯਿਸੂ ਨੂੰ ਕੀ ਕਰਾਂ?'' ਸਵਾਲ ਦਾ ਜਵਾਬ ਦੇਣ ਦੀ ਵਾਰੀ *ਤੁਹਾਡੀ* ਹੈ। ਮੇਰੀ ਦੁਆ ਹੈ ਕਿ ਤੁਸੀਂ ਆਪਣੇ ਆਪ ਨੂੰ ਪ੍ਰਭੂ ਦੇ ਹਵਾਲੇ ਕਰੋ ਅਤੇ ਤੁਹਾਡਾ ਜਵਾਬ ਪੈਂਟੀਕਾਸਟ ਵਾਲੇ ਦਿਨ ਦਿੱਤਾ ਗਿਆ ਯਹੂਦੀਆਂ ਵਾਲਾ ਜਵਾਬ ਹੀ ਹੋਵੇ। ਉਸ ਨੂੰ ਖ਼ੁਦਾ ਦਾ ਪੁੱਤਰ ਮੰਨੋ ਅਤੇ ਉਸ ਦੀ ਮਰਜ਼ੀ ਅਨੁਸਾਰ ਕਰੋ!

## ਨੋਟਸ

ਯਿਸੂ ਦੀਆਂ ਪੇਸ਼ੀਆਂ ਤੇ ਸਰਮਨ ਦੀ ਇਕ ਸਮੀਖਿਆ ''ਤੁਹਾਡਾ ਫ਼ੈਸਲਾ ਕੀ ਹੈ?'' ਪਾਠ

ਵਿਚ ਸ਼ੁਰੂਆਤ ਹੁੰਦੀ ਹੈ।

ਇਹ ਪਿਲਾਤੁਸ ਦੇ ਪਾਤਰ ਸਰਮਨ ਤੇ ਪ੍ਰਚਾਰ ਕਰਨ ਦਾ ਇਕ ਢੁਕਵਾਂ ਥਾਂ ਹੋਵੇਗਾ: ''ਆਦਮੀ ਜਿਸ ਨੇ ਜ਼ਿੰਮੇਵਾਰੀ ਟਾਲਣ ਦੀ ਕੋਸ਼ਿਸ਼ ਕੀਤੀ।'' ਅੱਜ ਬਹੁਤ ਸਾਰੇ ਲੋਕ ਆਪਣੀਆਂ ਗਲਤੀਆਂ ਅਤੇ ਬੁਰਾਈਆਂ ਲਈ ਸਮਾਜ, ਮਾਂ ਪਿਓ, ਜੀਵਨ ਸਾਥੀ, ਬੁਰੀ ਸੰਗਤ, ਸ਼ਰਾਬ, ਨਸ਼ੇ ਆਦਿ ਤੇ ਦੋਸ਼ ਲਾ ਕੇ ਜ਼ਿੰਮੇਵਾਰੀ ਦੇ ''ਆਪਣੇ ਹੱਥ ਧੋਣਾ'' ਚਾਹੁੰਦੇ ਹਨ। ਪਿਲਾਤੁਸ ਤੇ ਦੋ ਭਾਗਾਂ ਦੇ ਪਾਠ ਅਤੇ ਉਸ ਦੇ ਵਾਧੂ ਅਧਿਐਨ ਵਿਚ ਤੁਹਾਨੂੰ ਕਾਫ਼ੀ ਸਮੱਗਰੀ ਮਿਲ ਜਾਵੇਗੀ।

ਨੀਲ ਪੋਲਰਡ ਨੇ ਇਸ ਹਾਕਮ ਤੇ ਸਰਮਨ ਦਾ ਇਕ ਹੋਰ ਢੰਗ ਕਹਿਆ: ''ਪਿਲਾਤੁਸ ਦੀਆਂ ਗਲਤੀਆਂ।''[44] ਉਸ ਨੇ ਚਾਰ ਗਲਤੀਆਂ ਕੱਢੀਆਂ: (1) ਪਿਲਾਤੁਸ ਨੇ ਜ਼ਿੰਮੇਵਾਰੀ ਦੂਜਿਆਂ ਤੇ ਪਾਉਣ ਦੀ ਕੋਸ਼ਿਸ਼ ਕੀਤੀ (ਲੂਕਾ 23:5–7), (2) ਉਸ ਨੇ ਬੁਰਾਈ ਨਾਲ ਸਮਝੌਤਾ ਕਰਨਾ ਚਾਹਿਆ (ਲੂਕਾ 23:13–16), (3) ਉਸ ਨੂੰ ਲੱਗਾ ਕਿ ਉਹ ਸਥਿਤੀ ਤੋਂ ਆਪਣੇ ਹੱਥ ਧੋ ਸਕਦਾ ਹੈ (ਮੱਤੀ 27:24), ਅਤੇ (4) ਉਸ ਨੇ ਛੱਡ ਦਿੱਤਾ (ਮੱਤੀ 27:26)। ਤੁਸੀਂ ਇਸ ਵਿਚ ਹੋਰ ਜੋੜ ਸਕਦੇ ਹੋ।

ਆਖ਼ਰੀ ਵਿਚਾਰ ਇਸ ਤਰ੍ਹਾਂ ਹੈ: ਪਿਲਾਤੁਸ ਦੀ ਗੱਲ ''ਵੇਖੋ ਐਸ ਮਨੁੱਖ ਨੂੰ!'' (ਯੂਹੰਨਾ 19:5) ਦੀ ਵਰਤੋਂ ਯਿਸੂ ਨੂੰ ਉੱਚਾ ਕਰਨ ਵਾਲੇ ਵਿਸ਼ੇ ਸੂਚੀ ਸਰਮਨ ਦੀ ਜਾਣ ਪਛਾਣ ਲਈ ਕੀਤੀ ਗਈ ਹੈ।

---

ਟਿੱਪਣੀਆਂ

[1]ਪਿਲਾਤੁਸ ਪਸਾਹ ਦਾ ਪਰਬ ਸ਼ਾਂਤੀ ਨਾਲ ਕਰਾਉਣ ਲਈ ਯਰੂਸ਼ਲਮ ਵਿਚ ਸੀ, ਬੇਸ਼ੱਕ ਹੇਰੋਦੇਸ ਉੱਥੇ ਯਹੂਦੀਆਂ ਨੂੰ ਪ੍ਰਭਾਵਿਤ ਕਰਨ ਦੇ ਇਰਾਦੇ ਨਾਲ ਆਇਆ ਸੀ। [2]ਹੇਰੋਦੇਸ ਅੰਤੀਪਾਸ ਨਾਲ ਚੰਗੇ ਸਬੰਧ ਹੋਣਾ ਪਿਲਾਤੁਸ ਲਈ ਫ਼ਾਇਦੇਮੰਦ ਹੋਣਾ ਸੀ: ''ਅੰਤੀਪਾਸ ਬਾਦਸ਼ਾਹ ਤਿਬਰਿਯੁਸ ਦਾ ਕਰੀਬੀ ਸੀ [ਜੋਸੇਫ਼ਸ *ਐਂਟੀਕਵਿਟੀਜ਼ ਆਫ਼ ਦ ਜਿਊਸ* 18.2.3; 18.4.5]'' (ਬਰੂਸ ਕੋਰਲੀ, ''ਟ੍ਰਾਇਲ ਆਫ਼ *ਜੀਜ਼ਸ,*'' *ਡਿਕਸ਼ਨਰੀ ਆਫ਼ ਜੀਜ਼ਸ ਐਂਡ ਦ ਗੌਸਪਲ,* ਸੰਪਾ. ਜੋਏਲ ਬੀ. ਗ੍ਰੀਨ ਐਂਡ ਸਕੌਟ ਮੈਕਨਾਈਟ [ਡਾਊਨਰਜ਼ ਗ੍ਰੋਵ, ਇਲਿਨੋਇਸ: ਇੰਟਰਵਸਿਟੀ ਪ੍ਰੈੱਸ, 1992], 848)। ਪਿਲਾਤੁਸ ਅਤੇ ਹੇਰੋਦੇਸ ਦੇ ਦੁਸ਼ਮਣ ਹੋਣ ਬਾਰੇ, ਕਿਤਾਬ ਵਿਚ ਅੱਗੇ ਪਿਲਾਤੁਸ ਤੇ ਵਾਧੂ ਲੇਖ ਵੇਖੋ। [3]ਅਸੀਂ ਪੱਕਾ ਨਹੀਂ ਦੱਸ ਸਕਦੇ ਕਿ ਉਹ ਯਿਸੂ ਨੂੰ ਕਿੱਥੇ ਲੈ ਕੇ ਗਏ। ਜੇ ਪ੍ਰੀਟੋਰਿਅਮ ਅੰਟੋਨੀਆ ਦੇ ਕਿਲ੍ਹੇ ਵਿਚ ਸੀ ਤਾਂ ਹੇਰੋਦੇਸ ਅੰਤੀਪਾਸ ਸ਼ਹਿਰ ਦੇ ਪੱਛਮ ਵਿਚ ਆਪਣੇ ਪਿਤਾ ਵੱਲੋਂ ਬਣਾਏ ਮਹਿਲ ਵਿਚ ਰਹਿ ਰਿਹਾ ਹੋਵੇਗਾ। ਜੇ ਪਿਲਾਤੁਸ ਦਾ ਪ੍ਰੀਟੋਰਿਅਮ ਹੇਰੋਦੇਸ ਮਹਾਨ ਦਾ ਮਹਿਲ ਸੀ, ਤਾਂ ਅਸੀਂ ਨਹੀਂ ਜਾਣਦੇ ਕਿ ਹੇਰੋਦੇਸ ਅੰਤੀਪਾਸ ਕਿੱਥੇ ਰਹਿ ਰਿਹਾ ਸੀ। [4]ਪੁਰਾਤਨ ਰਾਜਿਆਂ ਕੋਲ ਅਜਿਹੇ ਲੋਕ ਹੁੰਦੇ ਸਨ ਜਿਨ੍ਹਾਂ ਦੀ ਜ਼ਿੰਮੇਵਾਰੀ ਉਨ੍ਹਾਂ ਦਾ ਮਨੋਰੰਜਨ ਕਰਨਾ ਹੀ ਹੁੰਦੀ ਸੀ। ਭੜਕੀਲੀਆਂ ਪੋਸ਼ਾਕਾਂ ਪਹਿਨਣ ਵਾਲੇ ਇਨ੍ਹਾਂ ਲੋਕਾਂ ਨੂੰ ''ਭੰਡ'' ਜਾਂ ''ਮੂਰਖ'' ਕਿਹਾ ਜਾਂਦਾ ਸੀ। ਉਹ ਚੁਟਕਲੇ ਸੁਣਾਉਣ ਜਾਂ ਮਜ਼ਾਕੀਆ ਗੀਤ ਗਾਉਣ ਅਤੇ ਮੂਰਖਤਾ ਭਰੇ ਵਿਅੰਗ ਕਰਕੇ ਮਨ ਪਰਚਾਉਣ ਦੇ ਕਈ ਤਰੀਕੇ ਵਰਤਦੇ ਸਨ। ਕੁਝ ਲੋਕ ਤਾਂ ਜਾਦੂ ਦੇ ਛੋਟੇ ਛੋਟੇ ਕਰਤਬ ਅਤੇ/ਜਾਂ ਬਾਜ਼ੀਗਰੀ ਵੀ ਕਰਦੇ ਸਨ। [5]ਲੂਕਾ 23:11 ਵਾਲੀ ''ਭੜਕੀਲੀ ਪੁਸ਼ਾਕ'' ਹੇਰੋਦੇਸ ਦੇ ਸੁੱਟੇ ਗਏ ਕੱਪੜਿਆਂ ਵਿੱਚੋਂ ਹੋ ਸਕਦੀ ਹੈ। ਇਹ ਪੁਸ਼ਾਕ ਯਿਸੂ ਨੂੰ ਆਦਰ ਦੇਣ ਲਈ ਨਹੀਂ, ਬਲਕਿ ਉਸ ਦਾ ਮਜ਼ਾਕ ਉਡਾਉਣ ਲਈ ਬਣਾਈ ਗਈ ਸੀ। [6]ਰਸੂਲਾਂ ਦੇ ਕੰਮ 4:27 ਵਿਚ, ਹੇਰੋਦੇਸ ਨੂੰ ਯਿਸੂ ਨਾਲ ਆਪਣੇ ਵਤੀਰੇ ਦੀ ਸਜ਼ਾ ਮਿਲੀ। [7]ਸਾਫ਼ ਤੌਰ ਤੇ, ਹੇਰੋਦੇਸ ਨੇ ਯਿਸੂ ਨੂੰ ਦੋਸ਼ੀ ਨਹੀਂ ਠਹਿਰਾਇਆ ਸੀ ਅਤੇ ਉਸ ਨੂੰ ਵਾਪਸ ਭੇਜ ਦਿੱਤਾ ਸੀ, ਪਿਲਾਤੁਸ ਨੂੰ ਇਹ ਲੱਗਾ ਕਿ ਰਾਜੇ ਨੇ ਦੋਸ਼ ਖਾਰਜ ਕਰ ਦਿੱਤੇ ਹਨ। [8]ਡਬਲਯੂ. ਈ. ਵਾਈਨ, ਮੈਰਿਲ ਐਫ਼. ਅੰਗਰ ਐਂਡ ਵਿਲੀਅਮ ਵਾਈਟ, ਜੂਨੀ., *''ਪੈਡਿਓ,'' ਵਾਈਨ'ਜ਼ ਕੰਪਲੀਟ ਐਕਸਪੋਜ਼ਿਟਰੀ ਡਿਕਸ਼ਨਰੀ ਆਫ਼ ਓਲਡ ਐਂਡ ਨਿਊ ਟੈਸਟਾਮੈਂਟ ਵਰਡਜ਼* (ਨੈਸ਼ਵਿੱਲ: ਥੌਮਸ ਨੈਲਸਨ ਪਬਲਿਸ਼ਰਜ਼, 1996), 97. [9]ਇਹ ਸਾਫ਼ ਨਹੀਂ ਹੈ ਕਿ ਯਹੂਦੀ ਆਗੂਆਂ ਨੂੰ

ਲੁਭਾਉਣ ਲਈ ਪਿਲਾਤੁਸ ਦੀਆਂ ਕੋਸ਼ਿਸ਼ਾਂ ਦੇ ਭਾਗ ਦੇ ਰੂਪ ਵਿਚ ਇਸ ਸਮੇਂ ਕੋਰੜੇ ਮਾਰੇ ਗਏ ਜਾਂ ਨਹੀਂ, ਜਾਂ ਬਾਅਦ ਵਿਚ ਮੌਤ ਦੇਣ ਦੀ ਖ਼ੌਫ਼ਨਾਕ ਤਿਆਰੀ ਦੇ ਹਿੱਸੇ ਵਜੋਂ ਸਲੀਬ ਤੇ ਚੜ੍ਹਾਏ ਜਾਣ ਤੋਂ ਇਕਦਮ ਪਹਿਲਾਂ ਜਾਂ ਬਾਅਦ ਵਿਚ ਹੋਈਆਂ। [10]ਜੇ. ਡਬਲਯੂ. ਸ਼ੈਪਰਡ, *ਦ ਕ੍ਰਾਈਸਟ ਆਫ਼ ਦ ਗੌਸਪਲਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1939), 589. ਰੋਮੀਆਂ ਵੱਲੋਂ ਕੋਰੜੇ ਮਾਰੇ ਜਾਣ ਦਾ ਇਹ ਸ਼ਬਦ ਚਿਤਰਨ ਵਿਲੀਅਮ ਡੀ. ਐਡਵਰਡਜ਼, ਵੈਸਲੀ ਜੇ. ਗੇਬਲ ਐਂਡ ਫ਼ਲੋਇਡ ਈ. ਹੋਸਮਰ, ‘‘ਆਨ ਦ ਫ਼ਿਜ਼ੀਕਲ ਡੈੱਥ ਆਫ਼ ਜੀਜ਼ਸ ਕ੍ਰਾਈਸਟ,’’ *ਜਰਨਲ ਆਫ਼ ਦ ਅਮੈਰੀਕਨ ਮੈਡੀਕਲ ਐਸੋਸਿਏਸ਼ਨ* (21 ਮਾਰਚ 1986): 1457–58 ਵਿਚ ਮੈਡਿਕਲ ਨਜ਼ਰੀਏ ਤੋਂ ਦਿੱਤਾ ਗਿਆ।

[11]ਅਸੀਂ ਨਹੀਂ ਜਾਣਦੇ ਕਿ ਸਥਾਨਕ ਕੰਡਿਆਂ ਦੀ ਕਿਹੋ ਜਿਹੀਆਂ ਝਾੜੀਆਂ ਵਿੱਚੋਂ ਕੰਡਿਆਂ ਵਾਲਾ ਤਾਜ ਬਣਾਇਆ ਗਿਆ ਸੀ। ਕੁਝ ਲੋਕਾਂ ਦਾ ਵਿਚਾਰ ਹੈ ਕਿ ਇਹ ਤਿੱਖੀਆਂ ਸੂਲਾਂ ਵਾਲੇ ਜੰਗਲੀ ਗੁਲਾਬ ਦਾ ਬਣਾਇਆ ਗਿਆ ਸੀ, ਜਿਸ ਦੀਆਂ ਸੂਲਾਂ ਦੋ ਦੋ ਇੰਚ ਲੰਮੀਆਂ ਹੁੰਦੀਆਂ ਹਨ। *ਕਿਸੇ* ਵੀ ਤਰ੍ਹਾਂ ਦੇ ਕੰਡਿਆਂ ਦਾ ਬਣਾਇਆ ਗਿਆ ਤਾਜ ਬਹੁਤ ਤਕਲੀਫ਼ਦੇਹ ਹੋਵੇਗਾ, ਜਿਵੇਂ ਸਿਖਾਉਣ ਲਈ ਵਿਜ਼ੂਅਲ ਏਡ ਵਿਚ ਕੰਡਿਆਂ ਦਾ ਤਾਜ ਫੜ ਕੇ ਮੈਂ ਪਾਇਆ ਸੀ। [12]ਇਹ ਹੇਰੋਦੇਸ ਵੱਲੋਂ ਯਿਸੂ ਨੂੰ ਪਹਿਨਾਇਆ ਗਿਆ ‘‘ਭੜਕੀਲੀ ਪੁਸ਼ਾਕ’’ ਹੋ ਸਕਦਾ ਹੈ ਜਾਂ ਇਹ ਫ਼ੌਜ ਦੀ ਸੁੱਟੀ ਗਈ ਕੋਈ ਪੁਸ਼ਾਕ ਹੋ ਸਕਦੀ ਹੈ। [13]ਪਿਲਾਤੁਸ ਦੁਆਰਾ ਆਮ ਤੌਰ ਤੇ ਯਿਸੂ ਲਈ ‘‘ਬਾਦਸ਼ਾਹ’’ ਸ਼ਬਦ ਦੀ ਵਰਤੋਂ ਕੀਤੀ ਗਈ (ਵੇਖੋ ਮਰਕੁਸ 15:9, 12; ਯੂਹੰਨਾ 18:39), ‘‘ਮਨੁੱਖ’’ ਸ਼ਬਦ ਦੀ ਵਰਤੋਂ ਮਹੱਤਵਪੂਰਣ ਹੋਵੇਗੀ। ਪਿਲਾਤੁਸ ਯਹੂਦੀਆਂ ਨੂੰ ਇਹ ਕਹਿ ਰਿਹਾ ਹੋ ਸਕਦਾ ਹੈ, ‘‘ਵੇਖੋ! ਉਹ ਸਿਰਫ਼ ਇਨਸਾਨ ਹੈ, ਜਿਸ ਦਾ ਲਹੂ ਕਿਸੇ ਹੋਰ ਇਨਸਾਨ ਵਾਂਗ ਵਹਿ ਰਿਹਾ ਹੈ! ਉਸ ਵਿਚ ਅਜਿਹਾ ਕੁਝ ਵੀ ਨਹੀਂ ਹੈ, ਜਿਸ ਤੋਂ ਤੁਹਾਨੂੰ ਫ਼ਿਕਰ ਕਰਨ ਦੀ ਲੋੜ ਹੋਵੇ।’’ [14]ਯੂਨਾਨੀ ਲਿਖਤ ਵਿਚ, ‘‘ਤੁਸੀਂ’’ ਅਤੇ ‘‘ਮੈਂ’’ ਸ਼ਬਦ ਤੇ ਜ਼ੋਰ ਦਿੱਤਾ ਗਿਆ ਹੈ। [15]ਯਹੂਦੀ ਆਗੂ ਬਾਅਦ ਵਿਚ ਬਗਾਵਤ ਦਾ ਇਲਜ਼ਾਮ ਲਾ ਰਹੇ ਸਨ (ਯੂਹੰਨਾ 19:12); ਪਰ ਇਸ ਵਕਤ ਉਨ੍ਹਾਂ ਨੇ ਸਿਆਸੀ ਇਲਜ਼ਾਮ ਛੱਡ ਕੇ ਧਾਰਮਿਕ ਇਲਜ਼ਾਮ ਲਾਇਆ, ਜਿਹਦੇ ਲਈ ਉਨ੍ਹਾਂ ਨੇ ਯਿਸੂ ਨੂੰ ਮੁਜਰਮ ਠਹਿਰਾਇਆ ਸੀ (ਕੁਫ਼ਰ ਦਾ ਇਲਜ਼ਾਮ)। [16]ਇਹ ਫ਼ਤਹਿਮੰਦ ਦਾਖਲਾ ਅਰਥਾਤ ਮੰਗਲਵਾਰ ਵਾਲੇ ਦਿਨ ਹੈਕਲ ਵਿਚ ਹੋਣ ਵਾਲੀ ਬਹਿਸ ਵਿਚ ਯਹੂਦੀ ਆਗੂਆਂ ਨੂੰ ਯਿਸੂ ਵੱਲੋਂ ਹਰਾਉਣ ਦੀ ਗੱਲ ਹੋ ਸਕਦੀ ਹੈ। [17]ਸਾਫ਼ ਤੌਰ ਤੇ, ਹੁਣ ਲਈ, ਉਸ ਨੇ ਯਿਸੂ ਨੂੰ ਹਿਰਾਸਤ ਵਿਚ ਅੰਦਰ ਛੱਡ ਦਿੱਤਾ (ਵੇਖੋ ਯੂਹੰਨਾ 19:13)। [18]ਪਿਲਾਤੁਸ ਨੇ ਯਹੂਦੀਆਂ ਨੂੰ ਕਿਹਾ, ‘‘*ਤੁਹਾਡਾ* ਇਹ ਦਸਤੂਰ ਹੈ ਕਿ ... ਇਕ ਨੂੰ ਛੱਡ ਦਿਆਂ’’ (ਯੂਹੰਨਾ 18:39)। ਇਹ ਸੰਭਵ ਤੌਰ ਤੇ ਇਸ ਗੱਲ ਦਾ ਇਸ਼ਾਰਾ ਹੈ ਕਿ ਪਿਲਾਤੁਸ ਨੇ ਇਸ ਦਸਤੂਰ ਦੀ ਸ਼ੁਰੂਆਤ ਨਹੀਂ ਕੀਤੀ ਸੀ, ਬਲਕਿ ਇਸ ਦੀ ਸ਼ੁਰੂਆਤ ਪਿਛਲੇ ਕਿਸੇ ਰੋਮੀ ਹਾਕਮ ਨੇ ਕੀਤੀ ਸੀ। ਉਸ ਸਮੇਂ ਯਰੂਸ਼ਲਮ ਵਿਚ ਇਸ ਦਸਤੂਰ ਦੇ ਹੋਣ ਦਾ ਕੋਈ ਇਤਿਹਾਸਕ ਰਿਕਾਰਡ ਨਹੀਂ ਹੈ, ਪਰ ਅੱਜ ਵੀ ਸਿਆਸੀ ਆਗੂ ਵਾਹ ਵਾਹ ਲੈਣ ਲਈ ਕੈਦੀਆਂ ਨੂੰ ਛੱਡਦੇ ਰਹਿੰਦੇ ਹਨ। [19]ਇਕ ਪੁਰਾਣੀ ਹੱਥਲਿਖਤ ਮੁਤਾਬਿਕ, ਉਸ ਦਾ ਪੂਰਾ ਨਾਂਅ ‘‘ਯਿਸੂ ਬਰੱਬਾਸ’’ ਸੀ। ਸ਼ਾਇਦ ਇਸੇ ਲਈ ‘‘ਯਿਸੂ’’ ਨਾਲੋਂ ਜੋ ‘‘ਬਰੱਬਾ’’ ਅਖਵਾਉਂਦਾ ਸੀ, ਫ਼ਰਕ ਕਰਨ ਲਈ ਯਿਸੂ ਨੂੰ ‘‘ਯਿਸੂ ਜਿਹੜਾ ਮਸੀਹ ਕਹਾਉਂਦਾ ਹੈ’’ ਕਿਹਾ। [20]‘‘ਅੱਬਾ’’ ਸ਼ਬਦ ਦੇ ਅਰਥ ਲਈ ਕਿਤਾਬ ਵਿਚ ਪਹਿਲਾ ਆਏ ਪਾਠ ‘‘ਬਾਗ ਵਿਚ’’ ਵਿਚ ਵੇਖੋ।

[21]ਵਾਧੂ ਅਧਿਐਨ ‘‘ਪੁੰਤਿਯੁਸ ਪਿਲਾਤੁਸ (ਅਤੇ ਯਿਸੂ ਦੀ ਮੌਤ)’’ ਵਿਚ ਪਿਲਾਤੁਸ ਤੇ ਜਾਣਕਾਰੀ ਵੇਖੋ। [22]ਯੂਨਾਨੀ ਸ਼ਬਦ ਦਾ ਅਨੁਵਾਦ ‘‘ਡਾਕੂ’’ ਹਿੰਸਾ ਦਾ ਸੰਕੇਤ ਦਿੰਦਾ ਹੈ। ‘‘ਡਾਕੂ’’ ਦੀ ਥਾਂ NIV ਵਿਚ ‘‘ਬਗਾਵਤ ਵਿਚ ਹਿੱਸਾ ਲਿਆ ਸੀ’’ ਹੈ। ਇਹੀ ਸ਼ਬਦ ਯਿਸੂ ਦੇ ਖਿਲਾਫ਼ ਮਹਾਂਸਭਾ ਦੇ ਇਲਜ਼ਾਮ ਵਿਚ ਵਰਤਿਆ ਗਿਆ ਸੀ। [23]ਸ਼ਾਇਦ ਉਸ ਨੇ ਬਗਾਵਤ ਦੇ ਦੌਰਾਨ ਰੋਮੀ ਸਿਪਾਹੀਆਂ ਦੀ ਹੱਤਿਆ ਕੀਤੀ ਸੀ। [24]ਫ਼ਤਹਿਮੰਦ ਦਾਖਲੇ ਦੇ ਦੌਰਾਨ ਯਿਸੂ ਨੂੰ ਵਡਿਆਈ ਦਿੱਤੀ ਗਈ ਸੀ। [25]ਮੱਤੀ 27:19 ਕਹਿੰਦਾ ਹੈ ਕਿ ਉਹ ‘‘ਅਦਾਲਤ ਦੀ ਗੱਦੀ ਉੱਤੇ ਬੈਠਾ ਹੋਇਆ ਸੀ।’’ ‘‘ਅਦਾਲਤ ਦੀ ਗੱਦੀ’’ ਵਾਕ ਦਾ ਅਨੁਵਾਦ *ਬੀਮਾ*

ਸ਼ਬਦ ਨਾਲ ਹੋਇਆ, ਜਿਸ ਨੂੰ ਉਸ ਉੱਤੇ ਥਾਂ ਲਈ ਵਰਤਿਆ ਜਾਂਦਾ ਸੀ, ਜਿਸ ਨਾਲ ਅਧਿਕਾਰ ਐਲਾਨ ਕੀਤਾ ਜਾਂਦੇ ਸਨ। [26]ਅੰਧਵਿਸ਼ਵਾਸੀ ਬੇਵਿਸ਼ਵਾਸੇ ਲੋਕ ਸੁਫ਼ਨਿਆਂ ਨਾਲ ਕਈ ਕਹਾਣੀਆਂ ਦੱਸਦੇ ਹਨ, ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਵੀ ਇਸੇ ਤਰ੍ਹਾਂ ਕਰੀਏ। ਮੋਅਜਜ਼ਿਆਂ ਦੇ ਯੁਗ ਵਿਚ, ਖ਼ੁਦਾ ਕਈ ਵਾਰ ਆਪਣੇ ਲੋਕਾਂ ਨਾਲ ਗੱਲਬਾਤ ਕਰਨ ਲਈ ਸੁਫ਼ਨਿਆਂ ਦੀ ਵਰਤੋਂ ਕਰਦਾ ਸੀ (ਮੱਤੀ 1:20; 2:12, 13, 19, 22), ਪਰ ਹੁਣ ਇੰਜ ਨਹੀਂ ਹੁੰਦਾ। ਇਸ ਤੋਂ ਇਲਾਵਾ ਇਹ ਮੰਨਣ ਦਾ ਕੋਈ ਕਾਰਣ ਨਹੀਂ ਹੈ ਕਿ ਪਿਲਾਤੁਸ ਦੀ ਪਤਨੀ ਦੇ ਸੁਫ਼ਨੇ ਵਿਚ ਕਿਸੇ ਅਲੌਕਿਕ ਸ਼ਕਤੀ ਦਾ ਹੱਥ ਸੀ। ਉਸ ਦਾ ਯਿਸੂ ਨੂੰ ''ਧਰਮੀ'' ਆਖਣਾ ਉਸ ਦੇ ਯਿਸੂ ਨੂੰ ਪਹਿਲਾਂ ਤੋਂ ਜਾਣਨ ਦਾ ਸੰਕੇਤ ਹੈ। ਸ਼ਾਇਦ ਉਹਨੂੰ ਪਤਾ ਸੀ ਕਿ ਰੋਮੀ ਸਿਪਾਹੀਆਂ ਨੂੰ ਯਿਸੂ ਨੂੰ ਜਿਸ ਨੂੰ ਉਹ ਧਰਮੀ ਮਨੁੱਖ ਕਰਕੇ ਜਾਣਦੀ ਸੀ, ਗਿਰਫ਼ਤਾਰ ਕਰਨ ਦਾ ਕੰਮ ਦਿੱਤਾ ਗਿਆ ਸੀ ਅਤੇ ਇਸ ਕਰਕੇ ਉਸ ਨੂੰ ਪੂਰੀ ਰਾਤ ਨੀਂਦ ਨਹੀਂ ਆਈ ਸੀ। [27]ਬਹੁਤ ਸਾਰੇ ਪ੍ਰਚਾਰ ਕਰਨ ਵਾਲਿਆਂ ਨੇ ਧਿਆਨ ਦਿੱਤਾ ਹੈ ਕਿ ਹਫ਼ਤੇ ਦੇ ਪਹਿਲੇ ਦਿਨ, ''ਹੋਸੰਨਾ'' ਪੁਕਾਰਨ ਵਾਲੀ ਭੀੜ ਵੱਲੋਂ ਪੰਜਾਂ ਦਿਨਾਂ ਬਾਅਦ ''ਸਲੀਬ ਦਿਓ!'' ਪੁਕਾਰਨਾ ਲੋਕਾਂ ਦੀ ਚੰਚਲਤਾ ਨੂੰ ਵਿਖਾਉਂਦਾ ਹੈ। ਲੋਕ ਚੰਚਲ ਹੋ ਸਕਦੇ ਹਨ ਅਤੇ ਅਸਾਨੀ ਨਾਲ ਗੁਮਰਾਹ ਵੀ ਹੋ ਸਕਦੇ ਹਨ, ਪਰ ਇਮਾਨਦਾਰੀ ਨਾਲ, ਸਾਨੂੰ ਇਹ ਮੰਨਣਾ ਚਾਹੀਦਾ ਹੈ ਕਿ ਐਤਵਾਰ ਵਾਲੇ ਦਿਨ ਜਸ਼ਨ ਮਨਾ ਰਹੀ ਭੀੜ ਸ਼ੁੱਕਰਵਾਰ ਵਾਲੇ ਦਿਨ ਖ਼ੂਨ ਦੀ ਪਿਆਸੀ ਭੀੜ ਨਹੀਂ ਹੋ ਸਕਦੀ। ਪਰਬ ਲਈ ਯਰੂਸ਼ਲਮ ਵਿਚ ਹਜ਼ਾਰਾਂ ਲੋਕ ਆਏ ਹੋਏ ਸਨ। [28]ਹਜ਼ਾਰਾਂ ਸਾਲ ਤਕ ਇਸਰਾਏਲ ਖ਼ੁਦਾ ਦੇ ਚੁਣੇ ਹੋਏ ਲੋਕ ਸਨ। [29]ਤਿਬਿਰਿਯੁਸ ਕੈਸਰ ਨੇ 17–37 ਈ. ਤਕ ਹਕੂਮਤ ਕੀਤੀ ਅਤੇ ਉਸ ਦਾ ਜ਼ਿਕਰ ਲੂਕਾ 3:1 ਵਿਚ ਹੈ। [30]ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿੱਪ ਵਾਈ. ਪੈਂਡਲਟਨ, *ਦ ਫ਼ੋਰਫ਼ੋਲਡ ਗੌਸਪਲ ਆਇ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼* (ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914), 717.

[31]ਏ. ਐਨ. ਸ਼ੈਰਵਿਨ–ਵਾਈਟ, ''ਪਾਇਲੇਟ, ਪੌਂਟਿਯੁਸ,'' *ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਈਕਲੋਪੀਡੀਆ,* ਸੋਧ, ਆਮ ਜਿਲਦ, ਜਿਓਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1986), 3:868. [32]ਪਿਲਾਤੁਸ ਦੇ ਡਰ ਦੀ ਬੁਨਿਆਦ ਡੂੰਘੀ ਸੀ। ਕੁਝ ਸਾਲਾਂ ਬਾਅਦ, ਇਕ ਸ਼ਿਕਾਇਤ ਦਰਜ ਕੀਤੀ ਗਈ *ਸੀ* ਅਤੇ ਉਸ ਤੋਂ ਬਾਅਦ ਉਸ ਨੂੰ ਉਹ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਵਾਧੂ ਲੇਖ ''ਪੁੰਤਿਯੁਸ ਪਿਲਾਤੁਸ (ਅਤੇ ਯਿਸੂ ਦੀ ਮੌਤ)'' ਵੇਖੋ। [33]ਵਾਲਟਰ ਵੈਂਗਰਿਨ, ਜੂਨੀਅਰ, *ਦ ਬੁਕ ਆਫ਼ ਗੌਡ: ਦ ਬਾਈਬਲ ਐਜ਼ ਏ ਨੌਵਲ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1996), 801. [34]ਅਮਰੀਕਾ ਵਿਚ ਅੱਜ ਵੀ ਅਸੀਂ ਕਹਿੰਦੇ ਹਾਂ, ''ਮੈਂ ਇਸ ਮਾਮਲੇ ਤੋਂ ਆਪਣੇ ਹੱਥ ਧੋਂਦਾ ਹਾਂ।'' ਇਸ ਦਾ ਅਰਥ ਹੈ ਕਿ ''ਮੈਂ ਇਸ ਨਾਲ ਰਿਸ਼ਤਾ ਨਹੀਂ ਰੱਖਣਾ ਚਾਹੁੰਦਾ'' ਅਤੇ ਇਸ ਤੋਂ ਭਾਵ ਹੈ ਕਿ ''ਇਸ ਤੋਂ ਬਾਅਦ ਜੋ ਵੀ ਹੋਵੇ ਉਸ ਵਿਚ ਮੈਨੂੰ ਦੋਸ਼ ਨਾ ਦੇਣਾ।'' [35]ਇਹ ਗੱਲ ਸ਼ਬਦਾਂ ਜਾਂ ਕੰਮਾਂ ਨਾਲ ਸਾਮੀ ਵਿਰੋਧੀ ਨੂੰ ਸਹੀ ਨਹੀਂ ਠਹਿਰਾਉਂਦੀ। ਕਿਸੇ ਨਾ ਕਿਸੇ ਤਰ੍ਹਾਂ, ਕਦੀ ਨਾ ਕਦੀ ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਨੇ ਮਸੀਹ ਨੂੰ ਸਲੀਬ ਤੇ ਚੜ੍ਹਾਇਆ ਅਤੇ ਉਸ ਨੂੰ ਸ਼ਰੇਆਮ ਜ਼ਲੀਲ ਕੀਤਾ ਹੈ (ਵੇਖੋ ਇਬਰਾਨੀਆਂ 6:6)। ਯਹੂਦੀ ਹੋਵੇ ਜਾਂ ਗੈਰ ਕੌਮ, ਅਸੀਂ ਸਭ ਪਾਪੀ ਹਾਂ, ਜਿਨ੍ਹਾਂ ਨੂੰ ਖ਼ੁਦਾ ਦੇ ਫ਼ਜ਼ਲ ਦੀ ਲੋੜ ਹੈ (ਸੰਦਰਭ ਵਿਚ ਵੇਖੋ ਰੋਮੀਆਂ 3:23)। [36]ਯੂਹੰਨਾ 19:16 ਵਿਚ ''ਸੋ ਉਹ ਨੇ ਉਸ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਭਈ ਉਹ ਸਲੀਬ ਉੱਤੇ ਚੜ੍ਹਾਇਆ ਜਾਵੇ'' ਹੈ। ਸੰਦਰਭ ਵਿਚ, ''ਉਨ੍ਹਾਂ ਦੇ'' ਯਾਜਕਾਂ ਲਈ ਹੈ, ਪਰ ਯਿਸੂ ਨੂੰ ਸਲੀਬ ਤੇ ਯਾਜਕਾਂ ਨੇ ਨਹੀਂ ਚੜ੍ਹਾਇਆ ਸੀ। ਸ਼ਬਦਾਂ ਦਾ ਅਰਥ ਇਹੀ ਹੈ ਕਿ ਪਿਲਾਤੁਸ ਨੇ ਇਨ੍ਹਾਂ ਆਗੂਆਂ ਦੀ ਇੱਛਾ ਪੂਰੀ ਕਰਨ ਲਈ ਉਸ ਨੂੰ ਦੇ ਦਿੱਤਾ। [37]''ਗਬੱਤਾ'' ਦਾ ਅਰਥ ''ਉੱਚੀ ਥਾਂ'' ਹੈ। ਇਹ ਯੂਨਾਨੀ ਸ਼ਬਦ *ਬੀਮਾ* ਦੇ ਅਰਥ ਵਰਗਾ ਹੀ ਹੈ। [38]ਸ਼ੁਰੂਆਤੀ ਪਾਠਕਾਂ ਨੂੰ ਸਹੀ ਸਹੀ ਪਤਾ ਹੋਵੇਗਾ ਕਿ ਉਹ ਚਬੂਤਰਾ ਕਿੱਥੇ ਹੈ, ਪਰ ਅਸੀਂ ਨਹੀਂ ਦੱਸ ਸਕਦੇ। ਪੁਰਾਤੱਤਵ ਵਿਗਿਆਨੀਆਂ ਨੇ ਉਸ ਇਲਾਕੇ ਵਿਚ ਜਿੱਥੇ ਅੰਟੋਨੀਆ ਦਾ ਕਿਲ੍ਹਾ ਸੀ ਇਕ ਚਬੂਤਰੇ ਦੀ ਪਛਾਣ ਕੀਤੀ ਹੈ, ਪਰ ਕਈਆਂ ਦਾ ਮੰਨਣਾ ਹੈ ਕਿ ''ਚਬੂਤਰਾ'' ਹੇਰੋਦੇਸ ਦਾ ਮਹਿਲ ਸੀ (ਪ੍ਰੀਟੋਰਿਅਮ ਦੀ ਥਾਂ ਤੇ ਪਹਿਲਾਂ ਹੋਈ ਚਰਚਾ ਵੇਖੋ)।

[39]ਯੂਹੰਨਾ ਦਾ ਵਿਰਤਾਂਤ ਸੰਭਵਤਾ ਤਿੰਨ ਹੋਰ ਵਿਰਤਾਂਤਾਂ ਤੋਂ ਕਈ ਦਹਾਕਿਆਂ ਬਾਅਦ, ਯਰੂਸ਼ਲਮ ਦੀ ਬਰਬਾਦੀ ਤੋਂ ਬਹੁਤ ਬਾਅਦ ਵਿਚ ਲਿਖਿਆ ਗਿਆ, ਸਾਫ਼ ਤੌਰ ਤੇ ਸਮੇਂ ਦੀ ਰੋਮੀ ਗਿਣਤੀ ਦੀ ਵਰਤੋਂ ਕੀਤੀ ਗਈ। ਯਹੂਦੀ ਗਣਨਾ ਮੁਤਾਬਿਕ, ਨਵੇਂ ਦਿਨ ਦੀ ਸ਼ੁਰੂਆਤ ਸੂਰਜ ਚੜ੍ਹਨ ਨਾਲ ਹੁੰਦੀ ਸੀ; ਰੋਮੀ ਗਣਨਾ ਮੁਤਾਬਿਕ, ਨਵਾਂ ਦਿਨ ਅੱਧੀ ਰਾਤ (ਜਿਵੇਂ ਅਸੀਂ ਮੰਨਦੇ ਹਾਂ) ਨੂੰ ਸ਼ੁਰੂ ਹੁੰਦਾ ਸੀ। ਮਰਕੁਸ, ਜਿਸ ਨੇ ਯਹੂਦੀ ਗਣਨਾ ਦੀ ਵਰਤੋਂ ਕੀਤੀ, ਨੇ ਕਿਹਾ ਕਿ ਯਿਸੂ *ਪਹਿਰ ਦਿਨ* (ਮਰਕੁਸ 15:25) ਅਰਥਾਤ ਸਵੇਰੇ 9:00 ਵਜੇ ਸਲੀਬ ਤੇ ਚੜ੍ਹਾਇਆ ਗਿਆ। ਮੱਤੀ ਨੇ ਯਹੂਦੀ ਗਿਣਤੀ ਦੀ ਵਰਤੋਂ ਕਰਦੇ ਹੋਏ ਕਿਹਾ ਕਿ *ਦੁਪਹਿਰ* ਤੋਂ ਲੈ ਕੇ *ਤੀਜੇ ਪਹਿਰ* ਤਕ ਸਾਰੇ ਦੇਸ਼ ਵਿਚ ਹਨੇਰਾ ਛਾਇਆ ਰਿਹਾ (ਮੱਤੀ 27:45; ਵੇਖੋ ਮਰਕੁਸ 15:33; ਲੂਕਾ 23:44) ਭਾਵ 12:00 ਵਜੇ ਦੁਪਹਿਰ ਤੋਂ 3:00 ਵਜੇ ਸ਼ਾਮ ਤਕ, ਜਿਸ ਤੋਂ ਬਾਅਦ ਯਿਸੂ ਮਰ ਗਿਆ (ਮੱਤੀ 27:46–50; ਵੇਖੋ ਮਰਕੁਸ 15:34–37; ਲੂਕਾ 23:44–46)। ਯੂਹੰਨਾ ਦਾ ‘‘ਛੇਵਾਂ ਘੰਟਾਂ’’ ਇਸ ਕਾਲਕ੍ਰਮ ਨਾਲ ਤਦੇ ਮੇਲ ਖਾਂਦਾ ਹੈ, ਜੇ ਯੂਹੰਨਾ ਨੇ ਰੋਮੀ ਸਮੇਂ ਦੀ ਗਣਨਾ ਦੀ ਵਰਤੋਂ ਕੀਤੀ। [40]ਪਿਲਾਤੁਸ ਵੱਲੋਂ ਯਿਸੂ ਨੂੰ ਸਵੇਰੇ 6:00 ਕੁ ਵਜੇ ਸਜ਼ਾ ਦੇਣ ਤੋਂ ਬਾਅਦ (ਯੂਹੰਨਾ 19:14 ਤੇ ਨੋਟਸ ਵੇਖੋ), ਯਿਸੂ ਨੂੰ ਸਜ਼ਾ ਦੇਣ ਅਤੇ ਸਲੀਬ ਤੇ ਚੜ੍ਹਾਉਣ ਵਿਚਕਾਰ ਕਈ ਘੰਟੇ ਲੰਘ ਗਏ ਸਨ। ਇਸ ਸਮੇਂ ਦੀ ਵਰਤੋਂ ਸੰਭਵ ਤੌ ਤੇ ਲੋੜੀਂਦੀਆਂ ਤਿਆਰੀਆਂ ਕਰਨ ਲਈ ਕੀਤੀ ਗਈ।

[41]ਇਸ ਵਾਰ ਖੇਡ ਵਿਚ ਇਕ ਸਰਕੰਡਾ ਜੋੜ ਦਿੱਤਾ ਗਿਆ, ਜਿਸ ਦੀ ਵਰਤੋਂ ਪਹਿਲਾਂ ਠੱਠਾ ਕਰਨ ਦੀ ਸੋਟੀ ਅਤੇ ਫਿਰ ਯਿਸੂ ਨੂੰ ਮਾਰਨ ਲਈ ਕੀਤੀ ਗਈ ਸੀ (ਮੱਤੀ 27:30)। [42]ਵੱਖ ਵੱਖ ਕਿਸਮ ਦੇ ਦਬਾਅ ਦਾ ਵਿਚਾਰ ਵਾਰੇਨ ਡਬਲਯੂ. ਵਿਅਰਸਬੇ, *ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ,* ਜਿਲਦ 1 (ਵ੍ਹੀਟਨ, ਇਲਿਨੋਇਸ: ਵਿਕਟਰ ਬੁਕ, 1989), 101 ਵਿੱਚੋਂ ਲਿਆ ਗਿਆ ਹੈ। [43]*ਬਾਅਦ ਵਿਚ,* ਪਤਰਸ ਨੇ ਖ਼ੁਦਾ ਅੱਗੇ ਸਮਰਪਣ ਕੀਤਾ ਅਤੇ ਭੀੜ ਵਿੱਚੋਂ ਕਈਆਂ ਨੇ ਪੈਂਟੀਕਾਸਟ ਵਾਲੇ ਦਿਨ, ਪਰ ਇਸ ਅਧਿਐਨ ਵਿਚ ਦੱਸੇ ਗਏ ਸਮੇਂ ਦੌਰਾਨ ਇਨ੍ਹਾਂ ਵਿਚ ਕਿਸੇ ਨੇ ਨਹੀਂ। [44]ਨੀਲ ਪੋਲਰਡ, ‘‘ਪਾਇਲੇਟ’ਜ਼ ਮਿਸਟੇਕ,’’ *ਵਿਜਿਲ* (ਨਵੰਬਰ–ਦਿਸੰਬਰ 2001): 53–54.